# ਅਧਿਆਇ - 3

# ਕਹਾਣੀਕਾਰ ਰਵਿੰਦਰ ਰਵੀ : ਕਥਾ ਸੰਵੇਦਨਾ ਅਤੇ ਬਿਰਤਾਂਤਕ ਸੁਹਜ

ਸਾਹਿਤ ਦੇ ਖੇਤਰ ਵਿੱਚ ਕਹਾਣੀ ਇੱਕ ਅਜਿਹਾ ਵਿਸ਼ਿਸ਼ਟ ਰੂਪ ਹੈ, ਜਿਸ ਵਿੱਚ ਜੋ ਕੁਝ ਵੀ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ ਉਹ ਸਾਰਾ ਕੁਝ ਗਾਲਪਨਿਕ ਪ੍ਰਕਿਰਤੀ ਦਾ ਹੁੰਦਾ ਹੋਇਆ ਵੀ ਇੱਕ ਉਤਕ੍ਰਿਸ਼ਟ ਸੱਚ ਹੁੰਦਾ ਹੈ। ਪਰ ਇਹ ਕਲਪਨਾ ਰਾਹੀਂ ਫੈਲਦਾ ਅਤੇ ਵਿਗਸਦਾ ਹੈ। ਕਹਾਣੀਕਾਰ ਜੋ ਕੁਝ ਵੀ ਸ਼ਬਦਾਂ ਰਾਹੀਂ ਸਿਰਜ ਰਿਹਾ ਹੁੰਦਾ ਹੈ ਉਹ ਸਾਰਾ ਕੁਝ ਉਸ ਨੇ ਆਪਣੇ ਅਨੁਭਵ ਰਾਹੀਂ ਪ੍ਰਾਪਤ ਕੀਤਾ ਹੁੰਦਾ ਹੈ। ਮੈਕਸਿਮ ਗੋਰਕੀ ਇੱਕ ਥਾਂ ਲਿਖਦਾ ਹੈ :

> "ਕਲਪਨਾ ਕੇਵਲ ਉਸੇ ਚੀਜ਼ ਦੀ ਸਿਰਜਨਾ ਕਰਦੀ ਹੈ, ਜਿਸ ਦੀ ਪ੍ਰੇਰਨਾ ਅਸਲੀਅਤ ਤੋਂ ਮਿਲੀ ਹੋਵੇ। ਕਲਪਨਾ ਉੱਤੇ ਮਨਘੜਤ ਵਹਿਮ ਕਾਰਨ ਨਹੀਂ ਸਗੋਂ ਅਸਲ ਕਾਰਨ ਪ੍ਰਭਾਵ ਪੈਂਦੇ ਹਨ।"[1]

ਕਹਾਣੀਕਾਰ ਮਨੁੱਖ ਨੂੰ ਕੇਂਦਰ ਵਿੱਚ ਰੱਖ ਕੇ ਉਸ ਦੀਆਂ ਪ੍ਰਸਥਿਤੀਆਂ, ਉਸ ਦੇ ਹਾਲਾਤਾਂ ਨੂੰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਚਿੱਤਰਦਾ ਹੈ। ਕਹਾਣੀ ਮਨੁੱਖ ਦੀ ਅੱਜ ਦੀ ਸਥਿਤੀ ਨੂੰ ਓਪਰੇ ਪੱਖੋਂ ਦੇਖਣ ਨਾਲ ਸੰਬੰਧਤ ਨਹੀਂ ਹੈ, ਬਲਕਿ ਇਹ ਸਥਿਤੀ ਦੇ ਮੂਲ ਕਾਰਨਾਂ ਤੱਕ ਪਹੁੰਚਣ ਨਾਲ ਜੁੜੀ ਹੋਈ ਹੈ। ਕਹਾਣੀ ਹੀ ਸਾਹਿਤ ਦੀ ਅਜਿਹੀ ਵਿਧਾ ਹੈ, ਜਿਹੜੀ ਮਾਨਵੀ ਸਥਿਤੀ ਦੇ ਮੂਲ ਕਾਰਨਾਂ ਨੂੰ ਬੜੀ ਬਾਰੀਕੀ ਅਤੇ ਤਿੱਖੇ ਰੂਪ ਵਿੱਚ ਪ੍ਰਸਤੁਤ ਕਰਦੀ ਹੈ।

ਰਵਿੰਦਰ ਰਵੀ ਨੇ ਸਾਹਿਤਿਕ ਜਗਤ ਵਿੱਚ ਪਰਵੇਸ਼ ਕਹਾਣੀ ਰਾਹੀਂ ਕੀਤਾ। ਉਸਦੇ ਆਪਣੇ ਕਥਨ ਅਨੁਸਾਰ ਉਸ ਨੇ ਸਾਹਿਤ ਰਚਨਾ 1954-55 ਵਿੱਚ ਸ਼ੁਰੂ ਕੀਤੀ ਅਤੇ 1954-55 ਵਿੱਚ ਉਸਨੇ ਕੋਈ ਡੇਢ-ਦੋ ਦਰਜਨ ਦੇ ਕਰੀਬ ਕਹਾਣੀਆਂ ਲਿਖੀਆਂ। ਪਰ ਸਮਾਂ ਪੈਣ ਤੇ ਉਹਨਾਂ ਵਿੱਚੋਂ ਦੋ ਕਹਾਣੀਆਂ 'ਬੁਹਣੀ' ਅਤੇ 'ਲਾਲ ਮੌਜੇ' 1963 ਵਿੱਚ ਛਪੇ ਆਪਣੇ ਕਹਾਣੀ-ਸੰਗ੍ਰਹਿ 'ਚਰਾਵੀ' ਵਿੱਚ ਸ਼ਾਮਲ ਕੀਤੀਆਂ। 1957-58 ਤੋਂ ਰਵੀ ਦੀ ਰੁਚੀ ਕਵਿਤਾ ਵੱਲ ਵਧੇਰੇ ਹੋ ਗਈ ਅਤੇ 1961 ਤੋਂ 1967 ਤੱਕ ਮੁੱਖ ਰੂਪ ਵਿੱਚ ਰਵਿੰਦਰ ਰਵੀ ਕਵਿਤਾ ਹੀ ਲਿਖਦਾ ਰਿਹਾ। ਰਵਿੰਦਰ ਰਵੀ ਨੇ ਆਪਣੇ ਸਾਹਿਤਿਕ ਸਫ਼ਰ ਵਿੱਚ ਨੌਂ ਕਹਾਣੀ ਸੰਗ੍ਰਹਿ ਚਰਾਵੀ (1963), ਜੁਰਮ ਦੇ ਪਾਤਰ (1968), ਸ਼ਹਿਰ ਵਿੱਚ ਜੰਗਲ (1969), ਕੋਨ ਪ੍ਰਤਿਕੋਨ (1971), ਮੈਲੀ ਪੁਸਤਕ (1973), ਜਿੱਥੇ ਦੀਵਾਰਾਂ ਨਹੀਂ (1978), ਕੰਪਿਊਟਰ ਕਲਚਰ (1985), ਆਪਣੇ-ਆਪਣੇ ਟਾਪੂ (1992) ਅਤੇ ਗੋਰੀਆਂ ਸ਼ਹੀਦੀਆਂ (2010) ਪ੍ਰਕਾਸ਼ਿਤ ਕਰਵਾਏ ਹਨ।

ਰਵਿੰਦਰ ਰਵੀ ਨੇ ਇਨ੍ਹਾਂ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਇਨ੍ਹਾਂ ਕਹਾਣੀਆਂ ਨੂੰ ਵੱਖ-ਵੱਖ ਜਿਲਦਾਂ ਹੇਠ ਵੀ ਪ੍ਰਕਾਸ਼ਿਤ ਕੀਤਾ ਹੈ। 1955 ਤੋਂ ਲੈ ਕੇ 1983 ਤੱਕ ਦੀਆਂ ਕਹਾਣੀਆਂ ਨੂੰ ਇਕੱਠਿਆਂ ਕਰਕੇ 'ਅਘਰਵਾਸੀ' (1984) ਕਹਾਣੀ ਸੰਗ੍ਰਹਿ ਵਿੱਚ ਦਰਜ ਕੀਤਾ ਹੈ। ਆਪਣੀਆਂ ਕੁਝ ਚੋਣਵੀਆਂ ਕਹਾਣੀਆਂ ਨੂੰ ਰਵਿੰਦਰ ਰਵੀ ਨੇ 'ਸਮੇਂ ਦੇ ਨਾਲ-ਨਾਲ' (1989) ਕਹਾਣੀ ਸੰਗ੍ਰਹਿ ਵਿੱਚ ਇੱਕਠਾ ਕੀਤਾ ਹੈ। 'ਖੰਭਾਂ ਵਾਲੇ ਪਿੰਜਰੇ' (2001) ਕਹਾਣੀ ਸੰਗ੍ਰਹਿ ਵਿੱਚ ਰਵਿੰਦਰ ਰਵੀ ਨੇ 1955 ਤੋਂ 2000 ਤੱਕ ਦੀਆਂ ਚੋਣਵੀਆਂ ਕਹਾਣੀਆਂ ਨੂੰ ਇੱਕਠਾ ਕੀਤਾ ਹੈ। ਕਹਾਣੀਕਾਰ ਦਾ ਇੱਕ ਕਹਾਣੀ ਸੰਗ੍ਰਹਿ 'ਗੋਰੀਆਂ ਸ਼ਹੀਦੀਆਂ' 2010 ਵਿੱਚ ਪ੍ਰਕਾਸ਼ਿਤ ਹੋਇਆ ਹੈ ਪਰ ਇਸ ਸੰਗ੍ਰਹਿ ਦੀਆਂ ਤਿੰਨ ਕਹਾਣੀਆਂ ਨੂੰ ਰਵਿੰਦਰ ਰਵੀ ਨੇ ਇਹ ਸੰਗ੍ਰਹਿ (ਗੋਰੀਆਂ ਸ਼ਹੀਦੀਆਂ) ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ 'ਖੰਭਾਂ ਵਾਲੇ ਪਿੰਜਰੇ' ਵਿੱਚ ਦਰਜ ਕਰ ਦਿੱਤੀਆਂ ਸਨ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਉਸਨੇ ਇਸਤਰੀ ਮਰਦਾਂ ਨਾਲ ਸੰਬੰਧਤ 'ਚੋਣਵੀਆਂ ਕਹਾਣੀਆਂ' (2002) ਨਾਂ ਦੀ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਹੈ।

ਕਹਾਣੀਕਾਰ ਨੇ ਅੰਗਰੇਜ਼ੀ ਵਿੱਚ 'COSMIC SYMPHONY' ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਅਤੇ ਹਿੰਦੀ ਭਾਸ਼ਾ ਵਿੱਚ 'ਅੰਧੇਰਾ ਯੂਕਲਿਪਟਸ ਔਰ ਆਗ' ਨਾਮੀ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਰਚਨਾ ਕਾਲ ਅਤੇ ਕਥਾ ਸੰਵੇਦਨਾ ਦੇ ਆਧਾਰ ਤੇ ਉਸਦੀ ਕਹਾਣੀ ਵਿਚਲੇ ਦੋ ਅਨੁਭਵਾਂ ਨੂੰ ਪ੍ਰਤੱਖ ਤੌਰ ਤੇ ਨਿਖੇੜਿਆ ਜਾ ਸਕਦਾ ਹੈ ਅਤੇ ਇਹ ਅਨੁਭਵ ਹਨ :

(1) ਭਾਰਤੀ ਪਿਛੋਕੜ ਦੇ ਅਨੁਭਵ

(2) ਪਰਵਾਸੀ ਪਿਛੋਕੜ ਦੇ ਅਨੁਭਵ

ਰਵਿੰਦਰ ਰਵੀ ਨੇ ਕਹਾਣੀ ਰਚਨਾ ਪਰਵਾਸ ਧਾਰਨ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਸੀ। ਭਾਰਤ ਵਿੱਚ ਰਹਿੰਦਿਆਂ ਲਿਖੇ ਕਹਾਣੀ-ਸੰਗ੍ਰਹਿ 'ਚਰਾਵੀ' ਅਤੇ 'ਜੁਰਮ ਦੇ ਪਾਤਰ' ਵਿੱਚ ਉਸ ਨਿਰਾਸ਼ਾ ਦੀ ਅਭਿਵਿਅਕਤੀ ਹੋਈ ਹੈ ਜੋ ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਮ ਨਾਗਰਿਕ ਦੇ ਪੱਲੇ ਪਈ ਸੀ। ਇਨ੍ਹਾਂ ਕਹਾਣੀ ਸੰਗ੍ਰਹਿਆਂ ਵਿੱਚ ਰਵਿੰਦਰ ਰਵੀ ਨੇ ਇਹ ਦਿਖਾਇਆ ਹੈ ਕਿ ਆਜ਼ਾਦੀ ਮਿਲਣ ਤੋਂ ਬਾਅਦ ਵੀ ਭਾਰਤੀ ਸਮਾਜ ਵਿੱਚ ਦਰਜਾਬੰਦੀਆਂ, ਵਿਤਕਰੇ, ਗੁਲਾਮੀ ਬਰਕਰਾਰ ਹੈ। ਆਮ ਆਦਮੀ ਦੀ ਦਿਨ ਪ੍ਰਤਿਦਿਨ ਬਦੱਤਰ ਹੁੰਦੀ ਆਰਥਿਕ ਹਾਲਤ, ਅਨਪੜ੍ਹਤਾ ਅਤੇ ਅਗਿਆਨਤਾ ਨੂੰ ਉਹ ਆਪਣੇ ਇਨ੍ਹਾਂ ਸੰਗ੍ਰਹਿਆਂ ਦਾ ਥੀਮ ਬਣਾਉਂਦਾ ਹੈ। ਉਹ ਗਰੀਬੀ ਦਾ ਸੰਤਾਪ ਭੋਗਦੇ ਪਾਤਰਾਂ ਦੇ ਮਨਾਂ ਦੀਆਂ ਡੂੰਘਾਈਆਂ ਵਿੱਚ ਉਤਰ ਕੇ ਕਈ ਨਵੇਂ ਸੱਚ ਉਜਾਗਰ ਕਰਕੇ ਸਿਆਸੀ ਆਗੂਆਂ ਨੂੰ ਲਾਹਨਤਾਂ ਪਾਉਂਦਾ ਹੈ। ਅਨਪੜ੍ਹਤਾ, ਅਗਿਆਨਤਾ, ਬੇਚਾਰਗੀ, ਗਰੀਬੀ ਕਰਕੇ ਪੈਦਾ ਹੋਈਆਂ ਦੁਸ਼ਵਾਰੀਆਂ ਨੂੰ ਉਹ ਇਸ ਦੌਰ ਦੀਆਂ ਕਹਾਣੀਆਂ ਵਿੱਚ ਬੜੇ ਮਾਰਮਿਕ ਢੰਗ ਨਾਲ ਉਜਾਗਰ ਕਰਦਾ ਹੈ।

ਭਾਰਤੀ ਪਿਛੋਕੜ ਨਾਲ ਸੰਬੰਧਤ ਕਹਾਣੀ ਸੰਗ੍ਰਹਿਆਂ ਵਿੱਚੋਂ 'ਮੈਂ ਕਿੰਨਾ ਖੁਸ਼ ਹਾਂ', 'ਫਰੰਟ ਸੀਟ' ਨਾਮੀ ਕਹਾਣੀਆਂ ਇਸ ਸੰਦਰਭ ਵਿੱਚ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਰਵੀ ਨੇ ਦਿਖਾਇਆ ਹੈ ਕਿ ਇੱਕ ਗਰੀਬ ਬੰਦੇ ਨੂੰ ਆਪਣਾ ਆਪ ਕਿਨ੍ਹਾਂ-ਕਿਨ੍ਹਾਂ ਸਥਿਤੀਆਂ ਵਿੱਚ ਮਾਰਨਾ ਪੈਂਦਾ ਹੈ। 'ਫਰੰਟ ਸੀਟ' ਕਹਾਣੀ ਦਾ ਪਾਤਰ ਜੋ ਕਿ ਗਰੀਬ ਤਬਕੇ ਦਾ ਹੈ, ਨੂੰ ਬੱਸ ਦੀ ਫਰੰਟ ਸੀਟ ਤੇ ਬੈਠ ਕੇ ਜਿਹੜਾ ਇੱਜ਼ਤ ਦਾ ਅਹਿਸਾਸ ਹੁੰਦਾ ਹੈ, ਉਹ ਉਸ ਵੇਲੇ ਖਤਮ ਹੋ ਜਾਂਦਾ ਹੈ ਜਦੋਂ ਇੱਕ ਉੱਚ ਵਰਗ ਦਾ ਵਿਅਕਤੀ ਉਸਨੂੰ ਆਪਣਾ ਸਾਮਾਨ ਚੁੱਕਣ ਲਈ ਕਹਿੰਦਾ ਹੈ। ਅੰਦਰਲੀ ਮਜਬੂਰੀ ਅਤੇ ਹੀਣ ਭਾਵ ਉਸਨੂੰ ਇਹ ਸਭ ਕੁਝ ਕਰਨ ਲਈ ਮਜਬੂਰ ਕਰਦੇ ਹਨ। ਕਹਾਣੀਕਾਰ ਲਿਖਦਾ ਹੈ :

> ਉਸ ਦੀਆਂ ਅੱਖਾਂ ਅੱਗੇ ਉਸਦੀ ਰੋਣਹਾਕੀ ਪਤਨੀ ਦੀ ਤਸਵੀਰ ਘੁੰਮ ਰਹੀ ਸੀ, ਉਸ ਦੇ ਬੱਚਿਆਂ ਦੀਆਂ ਫ਼ਰਮਾਇਸ਼ਾਂ ਉਸਦੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਉਸ ਦੀਆਂ ਨਜ਼ਰਾਂ ਦੇ ਸਾਹਮਣੇ ਚੌਧਰੀਆਂ ਦਾ ਅਸ਼ਟਾਮ ਘੁੰਮ ਰਿਹਾ ਸੀ ਤੇ ਫਿਰ ਆਪ ਮੁਹਾਰੇ ਹੀ ਉਸਦੇ ਹੱਥ ਸਰਦਾਰ ਦੇ ਸਾਮਾਨ ਵੱਲ ਬਹੁੜ ਪਏ।[2]

ਇੱਥੇ ਕਹਾਣੀਕਾਰ ਨੇ ਰਾਜਨੀਤਿਕ ਤੇ ਸਮਾਜਿਕ ਬਰਾਬਰੀ ਦੀ ਵਿਡੰਬਨਾ ਤੇ ਚੋਟ ਕੀਤੀ ਹੈ। ਆਜ਼ਾਦ ਦੇਸ਼ ਵਿੱਚ ਰਾਜਨੀਤਿਕ ਤੇ ਆਰਥਿਕ ਹੱਕਾਂ ਦੇ ਬਾਵਜੂਦ ਸਮਾਜਿਕ ਨਾ ਬਰਾਬਰੀ ਗਰੀਬ ਮਨੁੱਖ ਨੂੰ ਕਦਮ-ਕਦਮ ਤੇ ਆਤੁਰ ਕਰ ਰਹੀ ਹੈ। ਰਾਜਨੀਤਿਕ ਤੇ ਸਮਾਜਿਕ ਬਰਾਬਰੀ ਦੇ ਹੱਕ ਕਿਸੇ ਛੋਟੀ ਜਾਤ ਨੂੰ ਬੱਸ ਦੀ ਫਰੰਟ ਸੀਟ ਤੇ ਬਿਠਾ ਸਕਦੇ ਹਨ ਅਤੇ ਕਿਸੇ ਜ਼ਿੰਮੀਦਾਰ ਨੂੰ ਪਿਛਲੀਆਂ ਸੀਟਾਂ ਤੇ ਬੈਠਣ ਲਈ ਮਜਬੂਰ ਕਰ ਸਕਦੇ ਹਨ, ਪਰ ਸਫ਼ਰ ਦੇ ਅੰਤ ਤੇ ਉਹ ਛੋਟੀ ਜਾਤੀ ਦਾ ਬੰਦਾ ਚਾਰ ਆਨਿਆਂ ਲਈ ਪਿੱਛੇ ਬੈਠੇ ਜ਼ਿੰਮੀਦਾਰ ਦਾ ਸਾਮਾਨ ਚੁੱਕਣ ਲਈ ਮਜਬੂਰ ਹੋ ਜਾਂਦਾ ਹੈ।

''ਮੈਂ ਕਿੰਨਾ ਖੁਸ਼ ਹਾਂ' ਕਹਾਣੀ ਵਿੱਚ ਵੀ ਰਵੀ ਨੇ ਆਰਥਿਕਤਾ ਹੱਥੋਂ ਦੁਖੀ ਮਨੁੱਖ ਦੀ ਗੱਲ ਕੀਤੀ ਹੈ। ਉਹ ਆਪਣੀ ਬਿਮਾਰ ਬੱਚੀ ਦਾ ਇਲਾਜ ਨਹੀਂ ਕਰਾ ਪਾਉਂਦਾ। ਇਸਦਾ ਕਾਰਨ ਮਹੀਨੇ ਦੀ ਪਹਿਲੀ ਤਾਰੀਖ ਨੂੰ ਹੀ ਸਾਰੇ ਪੈਸਿਆਂ ਦਾ ਖਰਚ ਹੋ ਜਾਣਾ ਹੈ। ਬੱਚੀ ਦੇ ਇਲਾਜ ਲਈ ਬਚਾਏ ਪੈਸੇ ਵੀ ਉਸਨੂੰ ਖਰਚ ਕਰਨੇ ਪੈਂਦੇ ਹਨ। ਉਹ ਸੋਚਦਾ ਹੈ ਕਿ ਇੱਜ਼ਤ ਗਵਾਚੀ ਨਹੀਂ ਮਿਲਣੀ। ਬੱਚੀ ਜੇਕਰ ਨਾ ਵੀ ਰਹੀ ਤਾਂ ਕੋਈ ਗੱਲ ਨਹੀਂ ਉਹ ਹੋਰ ਬੱਚਾ ਪੈਦਾ ਕਰ ਸਕਦੇ ਹਨ। ਇੱਥੇ ਰਿਸ਼ਤਿਆਂ ਵਿੱਚ ਇੱਕ ਤ੍ਰਾਸਦਿਕ ਮੋੜ ਆਉਂਦਾ ਦਿਖਾਇਆ ਹੈ ਅਤੇ ਇਸਦਾ ਕਾਰਨ ਵੀ ਆਰਥਿਕਤਾ ਹੀ ਹੈ।

ਇਨ੍ਹਾਂ ਸੰਗ੍ਰਹਿਆਂ ਵਿੱਚੋਂ 'ਜੱਦੋ ਜਹਿਦ' ਤੇ 'ਨੱਤੀ' ਵੀ ਸਫਲ ਤੇ ਭਰਪੂਰ ਪ੍ਰਭਾਵ ਪਾਉਣ ਵਾਲੀਆਂ ਕਹਾਣੀਆਂ ਹਨ। ਇਨ੍ਹਾਂ ਦੇ ਪਾਤਰ ਸਮਾਜਿਕ ਅਨਿਆਇ, ਵਿਖਮਤਾ ਤੇ ਅਯੋਗਤਾ ਦੇ ਸ਼ਿਕਾਰ ਹਨ ਅਤੇ

ਬੜੀ ਹਿੰਮਤ ਨਾਲ ਇਸ ਅਨਿਆਇ ਦੇ ਵਿਰੁੱਧ ਖੜੇ ਹੁੰਦੇ ਹਨ। 'ਨੱਤੀ' ਕਹਾਣੀ ਵਿੱਚ ਸਮੱਸਿਆ ਦਾ ਕਾਰਨ ਗਰੀਬੀ ਹੈ ਜਿਸ ਕਾਰਨ ਉਸਦਾ ਬਾਪ ਉਸਨੂੰ ਬੁੱਢੇ ਨਾਲ ਵਿਆਹ ਦਿੰਦਾ ਹੈ ਅਤੇ ਇਸਦਾ ਸਿੱਟਾ ਨਜ਼ਾਇਜ ਸੰਬੰਧ, ਬਲਾਤਕਾਰ ਅਤੇ ਕਤਲ ਬਣਦਾ ਹੈ। ਇਸੇ ਤਰ੍ਹਾਂ 'ਜੱਦੋ ਜਹਿਦ' ਕਹਾਣੀ ਵਿੱਚ ਕਹਾਣੀਕਾਰ ਨੇ ਸੇਵਾ ਸਿੰਘ ਨਾਂ ਦੇ ਪਾਤਰ ਰਾਹੀਂ ਉਹਨਾਂ ਅਧਿਆਪਕਾਂ ਤੇ ਵਿਅੰਗ ਕੀਤਾ ਹੈ ਜੋ ਆਪਣੇ ਅਧਿਆਪਕੀ ਕਿੱਤੇ ਨੂੰ ਨਿਰਸਵਾਰਥ ਭਾਵ ਨਾਲ ਪੂਰਾ ਨਹੀਂ ਕਰਦੇ। ਇਸ ਕਿੱਤੇ ਪਿੱਛੇ ਵੀ ਉਹਨਾਂ ਦਾ ਸਵਾਰਥ ਹੁੰਦਾ ਹੈ। ਰਿਟਾਇਰ ਹੋਣ ਦੇ ਬਾਵਜੂਦ ਸੇਵਾ ਸਿੰਘ ਸਕੂਲ ਨਹੀਂ ਛੱਡਣਾ ਚਾਹੁੰਦਾ। ਉਹ ਸਕੂਲ ਨੂੰ ਸਿਰਫ਼ ਆਪਣੇ ਆਉਣ ਜਾਣ ਦਾ ਬੈਠਣ ਦਾ ਅੱਡਾ ਬਣਾਉਂਦਾ ਹੈ ਅਤੇ ਜਦੋਂ ਸਕੂਲ ਵਿੱਚ ਇੰਸਪੈਕਟਰ ਬੱਚਿਆਂ ਤੋਂ ਪੜਾਈ ਬਾਰੇ ਪੁੱਛ ਪੜਤਾਲ ਕਰਦਾ ਹੈ ਤਾਂ ਬੱਚਿਆਂ ਦੇ ਕੁਝ ਨਾ ਦੱਸਣ ਤੇ ਉਹ ਜਾਤੀਵਾਦ ਤੇ ਉਤਰ ਆਉਂਦਾ ਹੈ। ਰਵੀ ਨੇ ਅਜਿਹੇ ਪਾਤਰ ਦੀ ਤੁਲਨਾ ਤੂਤ ਦੇ ਪੀਲੇ ਪੱਤੇ ਨਾਲ ਕੀਤੀ ਹੈ ਜੋ ਨਵੇਂ ਉੱਗੇ ਪੱਤਿਆਂ ਨਾਲ ਖੜ-ਖੜ ਕਰ ਰਿਹਾ ਹੈ। ਰਵਿੰਦਰ ਰਵੀ ਇਸ ਕਹਾਣੀ ਰਾਹੀਂ ਇਹ ਹੀ ਕਹਿਣਾ ਚਾਹੁੰਦਾ ਹੈ ਕਿ ਕਈ ਮਨੁੱਖਾਂ ਦੀ ਅਜਿਹੀ ਪ੍ਰਵਿਰਤੀ ਹੁੰਦੀ ਹੈ ਜੋ ਆਪਣੇ ਸਵਾਰਥ ਲਈ ਦੂਸਰਿਆਂ ਨੂੰ ਮੁਸ਼ਕਲਾਂ ਵਿੱਚ ਖੜਾ ਕਰ ਦਿੰਦੇ ਹਨ।

ਆਰਥਿਕ ਮਜਬੂਰੀਆਂ ਨੂੰ ਦਰਸਾਉਂਦੀ ਕਹਾਣੀ 'ਹੋਸ਼ਿਆਰ ਹੋ ਜਾਓ' ਵਿੱਚ ਮੁੱਖ ਪਾਤਰ ਨਜਾਇਜ਼ ਸ਼ਰਾਬ ਕੱਢਦਾ ਹੈ ਅਤੇ ਹੌਲੀ-ਹੌਲੀ ਇਸ ਨੂੰ ਆਪਣਾ ਖਾਨਦਾਨੀ ਪੇਸ਼ਾ ਬਣਾ ਲੈਂਦਾ ਹੈ। ਇਸ ਕਹਾਣੀ ਵਿੱਚ ਰਵਿੰਦਰ ਰਵੀ ਨੇ ਭ੍ਰਿਸ਼ਟ ਹੋਈ ਕਾਨੂੰਨ ਵਿਵਸਥਾ ਦੀ ਵੀ ਗੱਲ ਕੀਤੀ ਹੈ। ਜਦੋਂ ਪੁਲਿਸ ਇਸ ਨਜਾਇਜ਼ ਚੱਲ ਰਹੇ ਧੰਦੇ ਉੱਪਰ ਛਾਪਾ ਮਾਰਨ ਆਉਂਦੀ ਹੈ ਤਾਂ ਉਹ ਸ਼ਰਾਬ ਕੱਢਣ ਵਾਲਿਆਂ ਨੂੰ ਫੜਨ ਦੀ ਬਜਾਏ ਸ਼ਰਾਬ ਦੇ ਡਰੰਮ ਦੇਖ ਕੇ ਖੁਸ਼ ਹੋ ਜਾਂਦੀ ਹੈ :

> ਆਉ ਲਾਓ ਗੱਫੇ ਤੇ ਲਾਹੋ ਥਕੇਵਾਂ। ਰੱਬ ਜਦ ਦਿੰਦਾ ਹੈ ਤਾਂ ਛੱਪਰ ਪਾੜ ਕੇ ਹੀ ਦਿੰਦਾ ਹੈ। ਇਹੋ ਜਿਹੇ ਮੌਕੇ ਰੋਜ਼-ਰੋਜ਼ ਨਹੀਂ ਮਿਲਦੇ।[3]

ਇੱਥੇ ਪੁਲਿਸ ਆਪਣਾ ਫਰਜ਼ ਭੁੱਲ ਕੇ ਸ਼ਰਾਬ ਪੀਣ ਲੱਗ ਜਾਂਦੀ ਹੈ। ਉਹ ਇਸ ਨੂੰ ਪਰਮਾਤਮਾ ਦਾ ਵਰਦਾਨ ਸਮਝਦੇ ਹਨ ਅਤੇ ਇਹ ਮੌਕਾ ਆਪਣੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ।

ਰਵਿੰਦਰ ਰਵੀ ਆਪਣੇ ਪਹਿਲੇ ਦੌਰ ਦੀਆਂ ਕਹਾਣੀਆਂ ਵਿੱਚ ਆਪਣਿਆਂ ਵੱਲੋਂ ਕੀਤੇ ਜਾਂਦੇ ਵਿਸ਼ਵਾਸਘਾਤ ਨੂੰ ਵੀ ਬਿਆਨ ਕਰਦਾ ਹੈ। ਇਸ ਪੱਖ ਤੋਂ ਉਸਦੀ 'ਪਾਸਪੋਰਟ' ਨਾਮੀ ਕਹਾਣੀ ਵੇਖੀ ਜਾ ਸਕਦੀ ਹੈ। ਇਸ ਕਹਾਣੀ ਵਿੱਚ ਇੱਕ ਅਜਿਹੇ ਪੇਂਡੂ ਪੰਜਾਬੀ ਦੀ ਗੱਲ ਕੀਤੀ ਹੈ ਜਿਹੜਾ ਕਮਾਈ ਕਰਨ ਲਈ ਇੰਗਲੈਂਡ ਚਲਾ ਜਾਂਦਾ ਹੈ ਪਰ ਜਦੋਂ ਨਾਇਕ ਛੁੱਟੀ ਕੱਟਣ ਲਈ ਭਾਰਤ ਪਰਤਦਾ ਹੈ ਤਾਂ ਉਸਦੀ ਪਤਨੀ

ਉਸਦੀ ਨਹੀਂ ਰਹਿੰਦੀ ਸਗੋਂ ਉਸਦੇ ਛੋਟੇ ਭਰਾ ਦੇ ਬੱਚੇ ਦੀ ਮਾਂ ਬਣ ਜਾਂਦੀ ਹੈ। ਪੰਜਾਬੀਆਂ ਦੇ ਪਰਵਾਸ ਧਾਰਨ ਕਾਰਨ ਪੰਜਾਬੀ ਜਨ-ਜੀਵਨ ਜਿਸ ਨੈਤਿਕ, ਭਾਵੁਕ, ਆਤਮਿਕ, ਸਮਾਜਿਕ ਤੇ ਵਿਅਕਤੀਗਤ ਕੀਮਤਾਂ ਅਤੇ ਰਿਸ਼ਤਿਆਂ ਦੇ ਟੁੱਟ ਭੱਜ ਦੇ ਸੰਤਾਪ ਵਿੱਚੋਂ ਗੁਜਰਿਆ ਹੈ। ਇਹ ਕਹਾਣੀ ਉਸੇ ਦਾ ਸਾਖਸ਼ਾਤ ਅਤੇ ਪ੍ਰਭਾਵਸ਼ਾਲੀ ਚਿੱਤਰ ਹੈ।

ਕਹਾਣੀਕਾਰ ਨੇ ਆਪਣੇ ਦੂਜੇ ਕਹਾਣੀ ਸੰਗ੍ਰਹਿ **ਜੁਰਮ ਦੇ ਪਾਤਰ** ਵਿੱਚ ਦਰਜ ਕਹਾਣੀ 'ਦੂਜਾ ਜਨਮ' ਵਿੱਚ ਪੇਂਡੂ ਜਨਤਾ ਵਿਚਲੀ ਅਗਿਆਨਤਾ ਦੀ ਗੱਲ ਕੀਤੀ ਹੈ। ਜੋ ਕਿ ਬੱਚੇ ਪੈਦਾ ਕਰੀ ਜਾਣ ਨੂੰ ਇੱਕ ਕੁਦਰਤੀ ਵਰਤਾਰਾ ਸਮਝਦੇ ਹਨ ਅਤੇ ਭਾਰਤ ਵਿੱਚ ਵੱਧ ਰਹੀ ਜਨਸੰਖਿਆ ਦਾ ਕਾਰਨ ਬਣਦੇ ਹਨ। ਇਸ ਕਹਾਣੀ ਵਿੱਚ ਮੱਖਣ ਸਿੰਘ ਤੀਜੇ ਪੁਰਖ ਦੇ ਤੌਰ ਤੇ ਹਾਜ਼ਰ ਹੁੰਦਾ ਹੈ ਅਤੇ ਲਿੰਗ ਤ੍ਰਿਪਤੀ ਨੂੰ ਕੁਦਰਤੀ ਦੱਸਦਾ ਹੋਇਆ ਕਹਾਣੀ ਦੇ ਨਾਇਕ ਮੁਣਸ਼ਾ ਸਿੰਘ ਨੂੰ ਪਰਿਵਾਰ ਨਿਯੋਜਨ ਬਾਰੇ ਵੀ ਦੱਸਦਾ ਹੈ ਅਤੇ ਉਸ ਦੀ ਸਮੱਸਿਆ ਦਾ ਸਮਾਧਾਨ ਕਰਦਾ ਹੈ।

> ਕਿਹੜੀਆਂ ਸੋਚਾਂ 'ਚ ਪੈ ਗਿਆ ਏਂ? ਉਠ ਤਹਾਂ, ਮੈਂ ਕੋਈ ਤੇਰਾ ਦੋਖੀ ਹਾਂ। ਸਾਰੀ ਦੁਨੀਆਂ ਦੇ ਲੋਕ ਹੁਣ ਇਸੇ ਤਰ੍ਹਾਂ ਕਰ ਰਹੇ ਹਨ, ਕਾਮ ਦੀ ਭੁੱਖ ਇੱਕ ਕੁਦਰਤੀ ਲੋੜ ਹੈ। ਇਸ ਨੂੰ ਵੀ ਪੂਰਿਆਂ ਕਰਨਾ ਹੈ, ਪਰ ਨਾਲ ਹੀ ਤੈਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਤੇਰੀ ਔਲਾਦ ਦੇ ਨਾਲ-ਨਾਲ ਇਸ ਧਰਤੀ ਨੇ ਤਾਂ ਨਹੀਂ ਵਧੀ ਜਾਣਾ।[4]

ਇੱਥੇ ਰਵੀ ਨੇ ਮਨੁੱਖੀ ਜਨਮ ਦੀ ਬਹੁਤਾਤ ਅਤੇ ਅੰਨ ਦੀ ਥੋੜ ਉੱਤੇ ਇੱਕ ਵਿਅੰਗ ਕੀਤਾ ਹੈ ਅਤੇ ਇਸ ਨੂੰ ਮੁਨਸ਼ਾ ਸਿੰਘ ਅਤੇ ਬਸੰਤ ਕੌਰ ਦੀ ਨਿਜੀ ਸਥਿਤੀ ਵਿੱਚੋਂ ਬੜੇ ਕਲਾਮਈ ਢੰਗ ਨਾਲ ਉਘਾੜਿਆ ਹੈ।

ਆਪਣੇ ਪਹਿਲੇ ਦੋ ਕਹਾਣੀ ਸੰਗ੍ਰਹਿ ਚਰਾਵੀ (1963) ਅਤੇ ਜੁਰਮ ਦੇ ਪਾਤਰ (1968) ਨੂੰ ਛੱਡ ਕੇ ਬਾਕੀ ਸੱਤ ਕਹਾਣੀ ਸੰਗ੍ਰਹਿ ਰਵਿੰਦਰ ਰਵੀ ਨੇ ਪਰਵਾਸ ਭੋਗਦਿਆਂ ਲਿਖੇ। ਇਸੇ ਕਰਕੇ ਇਨ੍ਹਾਂ ਕਹਾਣੀ-ਸੰਗ੍ਰਹਿਆਂ ਦਾ ਅਨੁਭਵ ਖੇਤਰ ਅੰਤਰਰਾਸ਼ਟਰੀ ਪੱਧਰ ਦਾ ਹੈ। ਪੜ੍ਹਿਆ ਲਿਖਿਆ ਹੋਣ ਕਾਰਨ ਉਸਨੇ ਪੱਛਮੀ ਦੇਸ਼ਾਂ ਦੀਆਂ ਕਦਰਾਂ-ਕੀਮਤਾਂ ਨੂੰ ਬੜੇ ਗਹੁ ਨਾਲ ਤੱਕਿਆ ਅਤੇ ਪਰਖਿਆ ਹੈ। ਇਸੇ ਕਰਕੇ ਉਸਦੇ ਅਨੁਭਵ ਨੇ ਉਸਦੇ ਬੌਧਿਕ ਪਾਸਾਰ ਨੂੰ ਵੀ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਉਸਦੀ ਚੇਤੰਨ ਬੁੱਧ ਸਾਹਿਤਿਕ ਪ੍ਰਤਿਭਾ ਅਤੇ ਹੰਢਾਏ ਨਿੱਗਰ ਅਨੁਭਵ ਨੇ ਉਸ ਵਿੱਚ ਅਜਿਹੀ ਤੀਖਣ ਚੇਤਨਾ ਨੂੰ ਜਨਮ ਦਿੱਤਾ ਹੈ, ਜਿਸ ਨਾਲ ਉਹ ਪੱਛਮੀ ਸਭਿਆਚਾਰ ਦੇ ਅੰਦਰ ਬਾਹਰ ਚੰਗੀ ਤਰ੍ਹਾਂ ਝਾਤੀ ਮਾਰਨ ਦੇ ਸਮਰੱਥ ਹੋ ਸਕਿਆ ਹੈ।

ਇਨ੍ਹਾਂ ਸੱਤ ਕਹਾਣੀ ਸੰਗ੍ਰਹਿਆਂ ਵਿੱਚ ਰਵਿੰਦਰ ਰਵੀ ਦੇ ਪਰਵਾਸੀ ਜੀਵਨ ਨਾਲ ਸੰਬੰਧਿਤ ਤਜਰਬਿਆਂ ਦਾ ਪ੍ਰਗਟਾਵਾ ਹੈ। ਅਫ਼ਰੀਕਾ ਵਿੱਚ ਆਪਣੇ ਪਰਵਾਸ ਕਾਲ ਦੌਰਾਨ ਉਸਨੇ ਤਿੰਨ ਕਹਾਣੀ ਸੰਗ੍ਰਹਿ 'ਸ਼ਹਿਰ ਵਿੱਚ ਜੰਗਲ', 'ਕੋਨ-ਪ੍ਰਤਿਕੋਨ' ਅਤੇ 'ਮੈਲੀ ਪੁਸਤਕ' ਲਿਖੇ ਹਨ। ਇਨ੍ਹਾਂ ਕਹਾਣੀ ਸੰਗ੍ਰਹਿਆਂ ਵਿੱਚ ਰਵਿੰਦਰ ਰਵੀ ਨੇ ਅਫ਼ਰੀਕਨਾਂ ਦੀ ਖੁੱਲ੍ਹੀ ਜੀਵਨ ਸ਼ੈਲੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਆਪਣੇ ਹੋਰ ਦੇਸ਼ਾਂ ਵਿੱਚ ਜਾਣ ਅਤੇ ਪੰਜਾਬ ਨਾਲ ਸੰਬੰਧਤ ਕਹਾਣੀਆਂ ਲਿਖੀਆਂ ਹਨ। ਰਵਿੰਦਰ ਰਵੀ ਵਿਸ਼ਵ ਦ੍ਰਿਸ਼ਟੀਕੋਣ ਦਾ ਧਾਰਨੀ ਹੈ। ਉਹ ਕਿਸੇ ਇੱਕ ਖਿੱਤੇ ਜਾਂ ਦੇਸ਼ ਦੀ ਗੱਲ ਨਹੀਂ ਕਰਦਾ ਬਲਕਿ ਪੂਰੇ ਵਿਸ਼ਵ ਦੀ ਗੱਲ ਕਰਦਾ ਹੈ। ਰਵਿੰਦਰ ਰਵੀ ਦੀ ਇਹੀ ਕਲਾ ਕਿਰਤ ਉਸਨੂੰ ਪਰਵਾਸੀ ਸਾਹਿਤ ਦੇ ਹੋਰਨਾਂ ਸਾਹਿਤਕਾਰਾਂ ਨਾਲੋਂ ਨਿਖੇੜਦੀ ਹੈ।

ਅਫ਼ਰੀਕਾ ਵਿੱਚ ਲਿਖੀਆਂ ਕਹਾਣੀਆਂ ਵਿੱਚ ਰਵਿੰਦਰ ਰਵੀ ਜ਼ਿਆਦਾਤਰ ਜਿਹੜਾ ਪੱਖ ਪੇਸ਼ ਕਰਦਾ ਹੈ ਉਹ ਲਿੰਗਕ ਸੰਬੰਧ ਹਨ। ਦੇਹੀ ਆਨੰਦ ਨਾਲ ਜੁੜੇ ਸਰੋਕਾਰ ਜ਼ਿਆਦਾਤਰ ਉਸ ਦੀਆਂ ਅਫ਼ਰੀਕਾ ਵਿੱਚ ਲਿਖੀਆਂ ਕਹਾਣੀਆਂ ਦਾ ਹਿੱਸਾ ਬਣਦੇ ਹਨ। ਇਹ ਸੰਬੰਧ ਵਿਰੋਧੀ ਲਿੰਗ ਨਾਲ ਵੀ ਸੰਬੰਧਤ ਹਨ ਅਤੇ ਸਮਲਿੰਗੀ ਵੀ ਹਨ।

ਉਸ ਦੀਆਂ ਪਰਵਾਸੀ ਜੀਵਨ ਨਾਲ ਸੰਬੰਧਤ ਕਹਾਣੀਆਂ ਵਿੱਚੋਂ ਔਰਤ ਦੀ ਪੇਸ਼ਕਾਰੀ ਧਿਆਨ ਖਿੱਚਦੀ ਹੈ। ਉਸਨੇ ਪੱਛਮੀ ਔਰਤ ਦਾ ਖੁੱਲਾ ਸੁਭਾਅ, ਖੁੱਲੀ ਸੋਚ ਅਤੇ ਉਸਦੀ ਆਜ਼ਾਦੀ ਨੂੰ ਆਪਣੀਆਂ ਕਹਾਣੀਆਂ ਵਿੱਚ ਵਿਖਾਇਆ ਹੈ। ਹਮਛਿਣ, ਨਯਾਕੇਰੈਂਗਾ, ਪੈਰਿਸ ਦੀ ਕੁੜੀ ਆਦਿ ਕਹਾਣੀਆਂ ਇਸ ਪੱਖ ਤੋਂ ਵੇਖੀਆਂ ਜਾ ਸਕਦੀਆਂ ਹਨ।

'ਹਮਛਿਣ' ਕਹਾਣੀ ਵਿੱਚ ਕਹਾਣੀਕਾਰ ਨੇ ਇੱਕ ਅਜਿਹੀ ਔਰਤ ਦੀ ਗੱਲ ਕੀਤੀ ਹੈ ਜੋ ਕਿਸੇ ਵੀ ਬੰਧਨ ਵਿੱਚ ਬੱਝਣਾ ਨਹੀਂ ਚਾਹੁੰਦੀ। ਉਹ ਆਪਣੀ ਇੱਛਾ ਨਾਲ ਸੁਤੰਤਰ ਜੀਵਨ ਜਿਉਣਾ ਚਾਹੁੰਦੀ ਹੈ। ਉਸ ਦਾ ਉਦੇਸ਼ ਜੀਵਨ ਨੂੰ ਭਰਪੂਰ ਰੂਪ ਵਿੱਚ ਮਾਨਣਾ ਹੈ। ਇਸ ਜੀਵਨ ਨੂੰ ਕਾਮੁਕ ਪੱਧਰ ਤੇ ਮਾਨਣ ਲਈ ਉਹ ਕਿਸੇ ਇੱਕ ਰਿਸ਼ਤੇ ਵਿੱਚ ਬੱਝਣਾ ਨਹੀਂ ਚਾਹੁੰਦੀ। ਉਹ ਮਾਨਵੀ ਸੰਬੰਧਾਂ ਬਾਰੇ ਕਹਿੰਦੀ ਹੈ :

> ਦੁਨੀਆਂ ਦੇ ਸਭ ਸਬੰਧ ਫਜ਼ੂਲ ਹਨ। ਪਤੀ-ਪਤਨੀ, ਮਾਤਾ-ਪਿਤਾ ਬੱਚੇ ......।[5]

ਜਦੋਂ ਇੱਕ ਪਾਠਕ ਇਹ ਕਹਾਣੀ ਪੜਦਾ ਹੈ ਤਾਂ ਉਸਦੇ ਸਾਹਮਣੇ ਇਸਤਰੀ ਪੁਰਖ ਸੰਬੰਧੀ ਤਿੰਨ ਨਜ਼ਰੀਏ ਉਜਾਗਰ ਹੁੰਦੇ ਹਨ। ਇਸ ਕਹਾਣੀ ਦਾ ਮਰਦ ਪਾਤਰ ਸ਼ਾਦੀ-ਸ਼ੁਦਾ ਹੈ, ਉਸਦੇ ਬੱਚੇ ਵੀ ਹਨ, ਪਰ ਉਹ ਇੱਕ ਆਦਰਸ਼ਕ ਔਰਤ ਦੀ ਤਲਾਸ਼ ਵਿੱਚ ਹੈ। ਹੈਲਨ ਜੋ ਕਿ ਕਹਾਣੀ ਦੀ ਮੁੱਖ ਪਾਤਰ ਹੈ, ਮਰਦ ਨੂੰ

ਇੱਕ ਵਰਤਣ ਵਾਲੀ ਸ਼ੈਅ ਹੀ ਸਮਝਦੀ ਹੈ। ਤੀਜੇ ਥਾਂ ਹੈਲਨ ਦੀ ਮਾਂ ਹੈ ਜੋ ਵਿਆਹ ਤੋਂ ਪਹਿਲਾਂ ਕਈ ਮਰਦ ਭੋਗਦੀ ਹੈ ਪਰ ਵਿਆਹ ਤੋਂ ਬਾਅਦ ਦੂਸਰੇ ਮਰਦਾਂ ਲਈ ਆਪਣੀ ਜ਼ਿੰਦਗੀ ਦੇ ਸਭ ਦਰਵਾਜ਼ੇ ਬੰਦ ਕਰ ਦਿੰਦੀ ਹੈ। ਇਸ ਗੱਲ ਦਾ ਪਤਾ ਹੈਲਨ ਦੇ ਬੋਲਾਂ ਤੋਂ ਚਲਦਾ ਹੈ :

> ਮੇਰੀ ਮਾਂ ਅੱਗ ਸੀ, ਨਿਰੀ ਜੰਗਲ ਦੀ ਅੱਗ। ਅੱਤ ਦੀ ਸੁੰਦਰ, ਭਰ-ਜੁਆਨ- ਹਰ ਰਾਤ ਨਵਾਂ ਮਰਦ, ਹਰ ਦਿਨ ਨਵਾਂ ਸੂਰਜ। ਉਸ ਨੇ ਸਾਰੇ ਕਬੀਲੇ ਦੇ ਸੰਸਾਰ ਦੇ ਮਰਦਾਂ ਦਾ ਸੂਰਜ ਫੜ ਰੱਖਿਆ ਸੀ, ਰਾਤ ਉਸ ਨੂੰ ਦੱਸ ਕੇ ਪੈਂਦੀ ਸੀ। ਉਹ ਅੱਗ ਸੀ, ਇੱਕ ਝੁੱਗੀ ਨੂੰ ਲੱਗੀ, ਸਾਰਾ ਪਿੰਡ ਬਲ ਉਠਿਆ ਤੇ ਫਿਰ ਉਹ ਇੱਕ ਝੁੱਗੀ ਵਿੱਚ ਸਦਾ ਲਈ ਬੰਦ ਹੋ ਗਈ।[6]

ਹੈਲਨ ਦੀ ਮਾਂ ਕਹਾਣੀ ਵਿੱਚ ਹਾਜ਼ਰ ਨਾ ਹੋ ਕੇ ਵੀ ਕਹਾਣੀ ਵਿੱਚ ਆਪਣੀ ਛਾਪ ਛੱਡ ਜਾਂਦੀ ਹੈ। ਇਸ ਪਾਤਰ ਦਾ ਪਤਾ ਪਾਠਕ ਨੂੰ ਕਹਾਣੀ ਦੀ ਮੁੱਖ ਪਾਤਰ ਹੈਲਨ ਦੇ ਬੋਲਾਂ ਵਿੱਚ ਮਿਲਦਾ ਹੈ। ਉਸਦੇ ਦੱਸਣ ਮੁਤਾਬਕ ਕਬੀਲੇ ਦੇ ਕਈ ਲੋਕਾਂ ਨਾਲ ਉਸਦੇ ਸੰਬੰਧ ਸਨ। ਰਵਿੰਦਰ ਰਵੀ ਨੇ ਅਫ਼ਰੀਕਾ ਦੇ ਕਈ ਕਬੀਲਿਆਂ ਦੀ ਗੱਲ ਆਪਣੀਆਂ ਕਈ ਕਹਾਣੀਆਂ ਵਿੱਚ ਕੀਤੀ ਹੈ। ਇਸੇ ਤਰ੍ਹਾਂ ਦੀ ਕਬੀਲਾਈ ਔਰਤ ਦੇ ਜੀਵਨ ਦੀ ਬਾਤ ਪਾਉਂਦੀ ਕਹਾਣੀ 'ਨਯਾਕੇਰੈਂਗਾ' ਦੇਖੀ ਜਾ ਸਕਦੀ ਹੈ। ਇਸ ਕਹਾਣੀ ਦੀ ਪਾਤਰ 'ਨਯਾਕੇਰੈਂਗਾ' ਜੋ ਜੀਵਨ, ਮੌਤ, ਤ੍ਰਿਸ਼ਨਾ, ਤ੍ਰਿਪਤੀ, ਨਫ਼ਰਤ, ਪਿਆਰ, ਜਿੱਤ, ਹਾਰ, ਸੁਤੰਤਰਤਾ, ਗੁਲਾਮੀ ਦੀ ਆਤਮ-ਵਿਰੋਧੀ ਊਲ-ਜਲੂਲੀਅਤ ਦੀ ਸ਼ਿਕਾਰ ਹੈ। ਉਹ ਮਰਦਾਂ ਵਾਂਗ ਸਮਾਜ ਵਿੱਚ ਵਿਚਰਦੀ ਹੈ। ਉਹ ਹਰ ਰੋਜ਼ ਨਵਾਂ ਮਰਦ ਹੰਢਾਉਂਦੀ ਹੈ ਹਾਲਾਂਕਿ ਉਹ ਅਮੀਰ ਪਰਿਵਾਰ ਨਾਲ ਸੰਬੰਧ ਰੱਖਦੀ ਹੈ ਅਤੇ ਜਿਵੇਂ ਚਾਹੁੰਦੀ ਆਪਣੀ ਜ਼ਿੰਦਗੀ ਨੂੰ ਮੋੜ ਦੇ ਸਕਦੀ ਸੀ ਪਰ ਫਿਰ ਵੀ ਉਸਨੇ ਆਪਣਾ ਘਰ-ਬਾਹਰ ਤਿਆਗ ਕੇ ਆਪਣੀ ਚਾਹਤ ਦੀ ਪੈੜ ਵਿੱਚ ਸਵੈ-ਇੱਛਤ ਅਤੇ ਆਪਹੁਦਰੀ ਜ਼ਿੰਦਗੀ ਜਿਉਣ ਦੀ ਚਾਹਨਾ ਰੱਖੀ। ਮੈਂ ਪਾਤਰ ਕਹਾਣੀ ਦੇ ਮੱਧ ਵਿੱਚ ਮੁੱਖ ਪਾਤਰ ਨੂੰ ਪ੍ਰਸ਼ਨ ਵੀ ਕਰਦਾ ਹੈ ਕਿ "ਤੂੰ ਥੱਕਦੀ ਨਹੀਂ ਹੈ"। ਕਿਉਂਕਿ ਜੇਕਰ ਉਹ ਥੱਕ ਜਾਂਦੀ ਹੈ ਤਾਂ ਉਸਦੇ ਭਵਿੱਖ ਦੀ ਦਿਸ਼ਾ ਬਦਲ ਜਾਵੇਗੀ ਅਤੇ ਜੇ ਉਹ ਅੱਕਦੀ ਨਹੀਂ ਤਾਂ ਉਸਦੀ ਕੁਝ ਚਿਰ ਹੋਰ ਬਣੇ ਰਹਿਣ ਦੀ ਸੰਭਾਵਨਾ ਹੈ।

ਕਹਾਣੀਕਾਰ ਦੀਆਂ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਹਨ ਜਿੱਥੇ ਪੱਛਮ ਦੇ ਪੂੰਜੀਵਾਦੀ ਨਿਜ਼ਾਮ ਵਿੱਚ ਵਿਅਕਤੀਗਤ ਸੁਤੰਤਰਤਾ ਦੀ ਆੜ ਹੇਠ ਛੋਟੀਆਂ-ਛੋਟੀਆਂ ਲੜਕੀਆਂ ਹੱਟੇ-ਕੱਟੇ ਮਰਦਾਂ ਨਾਲ ਸੰਬੰਧ ਕਾਇਮ ਕਰਦੀਆਂ ਹਨ। ਕਾਮ ਨੂੰ ਸ਼ਾਇਦ ਇਹ ਲੜਕੀਆਂ ਆਪਣੀ ਆਜ਼ਾਦੀ ਸਮਝਦੀਆਂ ਹਨ। ਪਰ ਉਹ ਭੁੱਲ ਜਾਂਦੀਆਂ ਹਨ ਕਿ ਆਜ਼ਾਦੀ ਸਿਰਫ ਯੌਨ ਸੰਬੰਧਾਂ ਤੱਕ ਹੀ ਸੀਮਿਤ ਨਹੀਂ।

ਅੱਜ ਦਾ ਪੱਛਮੀ ਮਨੁੱਖ ਆਪਣੇ ਸਮਾਜ ਤੋਂ ਇਸ ਤਰ੍ਹਾਂ ਬੇਗਾਨਾ ਹੋ ਚੁੱਕਿਆ ਹੈ ਕਿ ਉਹ ਆਪਣੇ ਆਪ ਨੂੰ ਦੂਜਿਆਂ ਨਾਲ ਜੋੜਨ ਲਈ ਸੈਕਸ ਤੋਂ ਵੱਧ ਕਾਰਗਰ ਹੋਰ ਕੋਈ ਵਿਧੀ ਨਹੀਂ ਦੇਖ ਪਾਉਂਦਾ। ਉਸ ਕੋਲ ਕਰਨ ਲਈ ਸਿਰਜਣਾਤਮਕ ਕੁਝ ਵੀ ਨਹੀਂ ਬਚਿਆ। ਮਨੁੱਖ ਫਰੀ-ਸੈਕਸ ਡਰਗਜ਼ ਅਲਕੋਹੋਲ ਆਦਿ ਗੈਰ-ਮਨੁੱਖੀ ਵਿਹਾਰਾਂ ਦਾ ਸਹਾਰਾ ਲੈ ਰਿਹਾ ਹੈ। ਇਹ ਸਭ ਕੁਝ ਕਰਦਾ ਹੋਇਆ ਉਹ ਆਪਣੇ ਆਪ ਨੂੰ ਪੂਰਾ ਅਤੇ ਸੁਖੀ ਮਹਿਸੂਸ ਕਰਦਾ ਹੈ ਪਰ ਜਿਵੇਂ ਹੀ ਉਹ ਇਹਨਾਂ ਚੀਜ਼ਾਂ ਤੋਂ ਵੱਖ ਹੁੰਦਾ ਹੈ ਉਸ ਦਾ ਅਧੂਰਾਪਨ ਅਤੇ ਇੱਕਲਾਪਨ ਅੱਗੇ ਨਾਲੋਂ ਵੀ ਵੱਧ ਜਾਂਦੇ ਹਨ। ਰਵਿੰਦਰ ਰਵੀ ਆਪਣੀਆਂ ਕਹਾਣੀਆਂ ਵਿੱਚ ਪੱਛਮੀ ਸਮਾਜ ਦੀ ਇਸ ਵਿਡੰਬਨਾ ਨੂੰ ਬਾਖੂਬੀ ਪੇਸ਼ ਕਰ ਰਿਹਾ ਹੈ ਕਿ ਪੱਛਮ ਦੀ ਨਵੀਂ ਪੀੜ੍ਹੀ ਆਜ਼ਾਦੀ ਦੇ ਮਾਅਨੇ ਸਿਰਫ ਲਿੰਗ ਸੰਬੰਧਾਂ ਨੂੰ ਮਾਨਣਾ ਹੀ ਮੰਨਦੀ ਹੈ ਜੋ ਕਿ ਸਮਾਜ ਵਿੱਚ ਅਨੈਤਿਕਤਾ ਫੈਲਾਉਂਦਾ ਹੈ ਅਤੇ ਰਿਸ਼ਤਿਆਂ ਲਈ ਇੱਕ ਬਹੁਤ ਵੱਡਾ ਆਘਾਤ ਹੈ।

ਉਸ ਦੀ ਕਥਾ ਸੰਵੇਦਨਾ ਇਸ ਗੱਲ ਤੋਂ ਮੁਨਕਰ ਨਹੀਂ ਕਿ ਮਰਦ ਔਰਤ ਸੰਬੰਧ ਇੱਕ ਕੁਦਰਤੀ ਵਰਤਾਰਾ ਹੈ ਅਤੇ ਇਹ ਕਿਸੇ ਨਾ ਕਿਸੇ ਰੂਪ ਵਿੱਚ ਇੱਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਰਹਿੰਦੇ ਹਨ। ਫਰਾਇਡਵਾਦੀ ਸਿਧਾਂਤ ਵੀ ਇਹ ਕਹਿੰਦਾ ਹੈ ਕਿ ਮਨੁੱਖ ਆਪਣੇ ਵਿਰੋਧੀ ਲਿੰਗਾਂ ਪ੍ਰਤੀ ਹਮੇਸ਼ਾ ਆਕਰਸ਼ਿਤ ਹੁੰਦਾ ਆਇਆ ਹੈ। ਪਰ ਜਿਹੜੀ ਗੱਲ ਰਵੀ ਦੀਆਂ ਕਹਾਣੀਆਂ ਵਿੱਚ ਨਵੀਂ ਹੈ ਉਹ ਇਹ ਹੈ ਕਿ ਉਹ ਸਮਲਿੰਗੀ ਸੰਬੰਧ ਅਤੇ ਕਾਮੁਕ ਤ੍ਰਿਪਤੀ ਲਈ ਵਰਤੇ ਗ਼ਲਤ ਢੰਗਾਂ ਨੂੰ ਵੀ ਕਹਾਣੀ ਵਿੱਚ ਲੈਂਦਾ ਹੈ। 'ਪਾਗਲ ਕੌਣ', 'ਕੁਰਬਾਨੀ ਦਾ ਬੱਕਰਾ', 'ਪਸ਼ੂ ਹੋਣ ਤੱਕ', 'ਖੁੱਲੀ ਕਿਤਾਬ' ਆਦਿ ਕਹਾਣੀਆਂ ਵਿੱਚ ਉਹ ਇਸੇ ਤਰ੍ਹਾਂ ਦੇ ਸਰੋਕਾਰਾਂ ਨੂੰ ਆਧਾਰ ਬਣਾਉਂਦਾ ਹੈ।

'ਪਾਗਲ ਕੌਣ' ਕਹਾਣੀ ਵਿੱਚ ਜਿੱਥੇ ਈਸਾਈ ਸੰਤਾਂ ਸੰਤਣੀਆਂ ਦੇ ਖੋਖਲੇ ਅਤੇ ਈਸ਼ਵਰੀ ਸਿਰਜਣਾ ਸਿਧਾਂਤ ਦੇ ਵਿਰੋਧ ਅਤੇ ਨੀਰਸ ਜੀਵਨ ਉੱਤੇ ਇੱਕ ਵਿਅੰਗ ਹੈ, ਉੱਥੇ ਸਿਸਟਰ ਕਲੇਅਰ ਦੇ ਈਸਾਈ ਸੰਤਣੀ ਬਣਨ ਦੀ ਮਜ਼ਬੂਰੀ ਨੂੰ ਸਮਾਜਿਕ ਆਰਥਿਕ ਅਤੇ ਵਿਅਕਤੀਗਤ ਪ੍ਰਸੰਗ ਵਿੱਚ ਵਾਚ ਕੇ ਪਹਿਲੇ ਚਲੇ ਆ ਰਹੇ ਧਾਰਮਿਕ ਸੰਕਲਪ ਦੀ ਨਿਰਾਰਥਕਤਾ ਅਤੇ ਆਧੁਨਿਕ ਇਸਤਰੀ ਪੁਰਸ਼ ਦੇ ਅਖੌਤੀ ਧਰਮ ਤੇ ਵਿਸ਼ਵਾਸ ਤੋਂ ਭਰਮ-ਖੰਡਨ ਦੀ ਰੁਚੀ ਨੂੰ ਦਰਸਾਉਣ ਦਾ ਵੀ ਇੱਕ ਯਤਨ ਹੈ। ਪਰ ਜਦੋਂ ਇਹ ਲੋਕ ਜੀਵਨ ਨੂੰ ਪ੍ਰਕ੍ਰਿਤਕ ਰੂਪ ਵਿੱਚ ਜੀਣ ਦੀਆਂ ਚਾਹ ਭਰੀਆਂ ਗੱਲਾਂ ਕਰਦੇ ਹਨ ਤਾਂ ਉਹ ਇਨ੍ਹਾਂ ਨੂੰ ਪਾਗਲ ਕਹਿੰਦੇ ਹਨ।

ਇਸ ਕਹਾਣੀ ਵਿੱਚ ਜਦੋਂ ਇਹ ਸੰਤ ਅਤੇ ਸੰਤਣੀਆਂ ਆਪਣੇ ਆਪ ਨਾਲ ਲੜ ਕੇ ਹਾਰ ਜਾਂਦੇ ਹਨ ਤਾਂ ਲਿੰਗਕ ਦਬਾਅ ਇਨ੍ਹਾਂ ਨੂੰ ਛਿਣ-ਛਿਣ ਕਰਕੇ ਭੋਗਦਾ ਹੈ ਅਤੇ ਉਹ ਮਨੋਵਿਗਿਆਨਕ ਦਬਾਅ ਵਿੱਚ ਊਲ-ਜਲੂਲ ਹਰਕਤਾਂ ਕਰਦੇ ਹਨ। ਜਦੋਂ ਉਹਨਾਂ ਦੀ ਲਿੰਗਕ ਭੁੱਖ ਵਧ ਜਾਂਦੀ ਹੈ ਤਾਂ ਉਹ ਉਹਨਾਂ ਦੀ ਪੂਰਤੀ

ਲਈ ਸਮਲਿੰਗੀ ਸੰਬੰਧ ਸਥਾਪਿਤ ਕਰ ਲੈਂਦੇ ਹਨ। ਔਰਤ ਜੇਕਰ ਵਿਰੋਧੀ ਲਿੰਗ ਨਾਲ ਸੰਬੰਧ ਸਥਾਪਿਤ ਕਰਦੀ ਹੈ ਤਾਂ ਉਹ ਮਾਂ ਬਣ ਸਕਦੀ ਹੈ। ਇਸ ਲਈ ਸਮਲਿੰਗੀ ਭੋਗ ਨੂੰ ਤ੍ਰਿਪਤੀ ਦਾ ਸਾਧਨ ਬਣਾਉਂਦੀ ਹੈ। ਇਹ ਕਹਾਣੀ ਉਸ ਵੇਲੇ ਸਿਖ਼ਰ ਤੇ ਪੁੱਜਦੀ ਹੈ ਜਦੋਂ ਇੱਕ ਸੰਤਣੀ ਓਪਰੇ ਮਰਦ ਨੂੰ ਧੱਕੇ ਨਾਲ ਕਲਾਵੇ ਵਿੱਚ ਲੈਣ ਦੀ ਕੋਸ਼ਿਸ਼ ਕਰਦੀ ਹੈ :

> ਇੱਕ ਦਿਨ ਸਿਸਟਰ ਕਲੇਅਰ ਨੇ ਆਪਣਾ ਬੇਦਾਗ ਚਿੱਟਾ ਚੋਲਾ ਲੀਰੋ ਲੀਰ ਕਰਕੇ, ਰਾਹ ਜਾਂਦੇ ਇੱਕ ਮਰਦ ਨੂੰ ਹੱਥ ਪਾ ਲਿਆ। ਹੁਣ ਉਹ ਮਾਨਸਿਕ ਰੋਗੀਆਂ ਦੇ ਹਸਪਤਾਲ ਵਿੱਚ ਜਦੋਂ ਵੀ ਜ਼ਿੰਦਗੀ ਨੂੰ ਜਿਉਣ ਹੰਢਾਉਣ ਦੇ ਚਾਅ ਨਾਲ ਭਰਪੂਰ ਬੜੀਆਂ ਸਿਆਣੀਆਂ ਤੇ ਪਤੇ ਦੀਆਂ ਗੱਲਾਂ ਕਰਦੀ ਹੈ ਤਾਂ ਲੋਕ ਕਹਿੰਦੇ ਹਨ ਕਿ ਉਹ ਪਾਗਲ ਹੈ।[7]

ਜ਼ਿੰਦਗੀ ਤੋਂ ਨਿਰਾਸ਼ ਇਹ ਲੋਕ ਜਦੋਂ ਸਮਲਿੰਗੀ ਭੋਗ ਜਾਂ ਹੋਰ ਅਪ੍ਰਕ੍ਰਿਤਕ ਢੰਗਾਂ ਅਤੇ ਧਰਮ ਦੇ ਕਠੋਰ ਸੰਕਲਪ ਤੇ ਨੈਤਿਕ ਵਿਵਹਾਰ ਤੋਂ ਨਿਰਾਸ਼ ਹੋ ਕੇ ਜੀਵਨ ਨੂੰ ਪ੍ਰਕ੍ਰਿਤਕ ਰੂਪ ਵਿੱਚ ਮਾਣਨਾ ਚਾਹੁੰਦੇ ਹਨ ਤਾਂ ਲੋਕ ਇਹਨਾਂ ਨੂੰ ਪਾਗਲ ਕਹਿੰਦੇ ਹਨ। ਇਹ ਕਹਾਣੀ ਈਸ਼ਵਰੀ ਸਿਰਜਣਾ-ਸਿਧਾਂਤ ਦੇ ਵਿਰੋਧ ਅਤੇ ਨੀਰਸ ਜੀਵਨ ਉੱਤੇ ਇੱਕ ਵਿਅੰਗ ਹੈ।

'ਕੁਰਬਾਨੀ ਦਾ ਬਕਰਾ' ਕਹਾਣੀ ਵਿੱਚ ਮੋਹਨ ਸਿੰਘ ਨਾਂ ਦਾ ਪਾਤਰ ਹੈ ਜਿਸ ਲਈ ਆਪਣੀ ਕਾਮ ਵਾਸ਼ਨਾ ਦੀ ਪੂਰਤੀ ਕਰਨਾ ਵਿਵਰਜਿਤ ਹੈ, ਇਸਦਾ ਕਾਰਨ ਉਸ ਉੱਤੇ ਧਾਰਮਿਕ ਅਤੇ ਨੈਤਿਕ ਕੀਮਤਾਂ ਦਾ ਕਠਿਨ ਨਿਯੰਤਰਨ ਹੋਣਾ ਹੈ। ਇਸ ਦੇ ਅਧੀਨ ਕਾਮ ਵਾਸ਼ਨਾ ਦੀ ਪੂਰਤੀ ਲਈ ਉਹ ਸਮਲਿੰਗੀ ਭੋਗ ਅਤੇ ਹੋਰ ਗਲਤ ਢੰਗਾਂ ਨੂੰ ਅਪਨਾਉਂਦਾ ਹੈ ਅਤੇ ਅਸਲੋਂ ਹੀ ਨਿਪੁੰਸਕ ਹੋ ਜਾਂਦਾ ਹੈ। ਕਹਾਣੀ ਦੇ ਪਾਤਰ ਨੂੰ ਬਹੁਤ ਵੱਡੀ ਕੁਰਬਾਨੀ ਦੇਣੀ ਪੈਂਦੀ ਹੈ।

ਰਵਿੰਦਰ ਰਵੀ ਇੱਥੇ ਧਰਮ ਦੀ ਆੜ ਵਿੱਚ ਹੋ ਰਹੇ ਜ਼ਬਰ ਦੀ ਗੱਲ ਕਰਦਾ ਹੈ ਜੋ ਉਸ ਤੋਂ ਉਸਦਾ ਪ੍ਰਕ੍ਰਿਤਕ ਹੱਕ ਖੋਹ ਰਿਹਾ ਹੈ। ਜਿਸ ਕਾਰਨ ਮਾਨਵ ਨੂੰ ਗ਼ਲਤ ਰਸਤੇ ਅਖ਼ਤਿਆਰ ਕਰਨੇ ਪੈਂਦੇ ਹਨ ਅਤੇ ਇਹਨਾਂ ਦਾ ਹਰਜਾਨਾ ਵੀ ਉਸ ਨੂੰ ਖੁਦ ਹੀ ਭੁਗਤਨਾ ਪੈਂਦਾ ਹੈ ਜਿਵੇਂ ਕਿ ਇਹਨਾਂ ਕਹਾਣੀਆਂ ਤੋਂ ਜ਼ਾਹਿਰ ਵੀ ਹੋ ਰਿਹਾ ਹੈ। ਪਰ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਮਨੁੱਖ ਕੋਲ ਸਾਥ ਹੋਣ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਇੱਕਲਾ ਮਹਿਸੂਸ ਕਰਦਾ ਹੈ। ਉਸਦਾ ਸਾਥ ਉਸਨੂੰ ਮਾਨਸਿਕ ਅਤੇ ਸਰੀਰਿਕ ਰੂਪ ਵਿੱਚ ਉਹ ਸੰਤੁਸ਼ਟੀ ਨਹੀਂ ਦੇ ਪਾਉਂਦਾ, ਜਿਸ ਦੀ ਉਸਨੂੰ ਚਾਹਨਾ ਹੁੰਦੀ ਹੈ। ਇਸ ਪ੍ਰਸੰਗ ਵਿੱਚ 'ਅੰਦਰ ਵੱਲ ਖੁੱਲਦਾ ਬੂਹਾ', 'ਮਾਨਸਕ ਹਾਣ ਦਾ ਸਾਥ', 'ਸੁਤੰਤਰਤਾ ਦੇ ਸਮਾਨੰਤਰ ਸਿਰੇ। ਕਹਾਣੀਆਂ ਨੂੰ ਦੇਖਿਆ ਜਾ ਸਕਦਾ ਹੈ। ਇਹ ਕਹਾਣੀਆਂ ਇੱਕ ਦੂਸਰੇ ਦੀਆਂ ਪੂਰਕ ਹਨ। ਇਹਨਾਂ ਦੇ ਕੇਂਦਰ ਵਿੱਚ ਅਤ੍ਰਿਪਤੀ ਅਤੇ

ਆਤਮ ਪਛਾਣ ਦਾ ਮਸਲਾ ਹੈ। ਇਸੇ ਦੇ ਆਲੇ ਦੁਆਲੇ ਇਹ ਕਹਾਣੀਆਂ ਘੁੰਮ ਰਹੀਆਂ ਹਨ। 'ਮਾਨਸਕ ਹਾਣ ਦਾ ਸਾਥ' ਕਹਾਣੀ ਵਿੱਚ ਮਰਦ ਪਾਤਰ ਜ਼ਿਆਦਾ ਧਨ ਕਮਾਉਣ ਦੀ ਹੋੜ ਕਰਕੇ ਘਰ ਤੋਂ ਬਾਹਰ ਹੀ ਰਹਿੰਦਾ ਹੈ। ਇਸੇ ਜੱਦੋ-ਜਹਿਦ ਵਿੱਚ ਉਸਦਾ ਘਰ ਅਤੇ ਪਤਨੀ ਦੋਵੇਂ ਉਪੇਖਿਅਤ ਹੋ ਜਾਂਦੇ ਹਨ। ਕਹਾਣੀ ਦੀ ਔਰਤ ਪਾਤਰ ਆਪਣੇ ਪਤੀ ਦੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁਝ ਅਜਿਹੇ ਪਲ ਚਾਹੁੰਦੀ ਹੈ ਜੋ ਉਸਦੇ ਅੰਦਰਲੇ ਖਲਾਅ ਨੂੰ ਭਰ ਸਕਣ। ਪਰ ਸਥਿਤੀਆਂ ਅਜਿਹੇ ਹਾਲਾਤ ਪੈਦਾ ਨਹੀਂ ਹੋਣ ਦਿੰਦੀਆਂ, ਜਿੱਥੇ ਔਰਤ ਆਪਣੇ ਅੰਦਰਲੇ ਖਲਾਅ ਨੂੰ ਆਪਣੇ ਸਾਥੀ ਨਾਲ ਵੰਡੇ ਅਤੇ ਮਾਨਸਿਕ ਸੁੱਖ ਦੀ ਤਲਾਸ਼ ਕਰ ਸਕੇ। ਇੱਥੇ ਔਰਤ ਪਾਤਰ ਸਿਰਫ ਲਿੰਗਾਤਮਕ ਸੁੱਖ ਦੀ ਪ੍ਰਾਪਤੀ ਹੀ ਨਹੀਂ ਚਾਹੁੰਦੀ ਸਗੋਂ ਇੱਕ ਅਜਿਹੇ ਖੁੱਲੇ ਦਿਮਾਗ ਵਾਲੇ ਮਰਦ ਦੀ ਤਲਾਸ਼ ਵਿੱਚ ਹੈ ਜਿਸ ਤੋਂ ਉਸਨੂੰ ਆਤਮਿਕ ਸੰਤੁਸ਼ਟੀ ਪ੍ਰਾਪਤ ਹੋ ਸਕੇ। ਇਹ ਕਹਾਣੀ ਇੱਕ ਪਛਾਣ ਦੀ ਤਲਾਸ਼ ਵਿੱਚ ਤੁਰਦੀ ਔਰਤ ਦੀ ਕਹਾਣੀ ਹੈ।

'ਅੰਦਰ ਵੱਲ ਖੁਲਦਾ ਬੂਹਾ' ਕਹਾਣੀ ਵਿੱਚ ਵੀ ਇੱਕ ਅਜਿਹੀ ਔਰਤ ਦੀ ਹੀ ਗੱਲ ਹੈ ਜੋ ਕਿਸੇ ਨਾਲ ਸੰਪੂਰਨ ਸਾਂਝ ਪਾਉਣਾ ਚਾਹੁੰਦੀ ਹੈ। ਇਹ ਸਾਂਝ ਮਾਨਸਿਕ ਵੀ ਹੋ ਸਕਦੀ ਹੈ ਅਤੇ ਸਰੀਰਿਕ ਵੀ। ਇਸ ਕਹਾਣੀ ਦੀ ਪਾਤਰ ਦਾ ਦੂਸਰੇ ਮਰਦ ਨਾਲ ਜੁੜਨ ਦਾ ਕਾਰਨ ਉਹ ਹੀ ਹੈ ਜੋ 'ਮਾਨਸਕ ਹਾਣ ਦਾ ਸਾਥ' ਕਹਾਣੀ ਦੀ ਪਾਤਰ ਦਾ ਹੈ। ਦੋਨੋਂ ਔਰਤ ਪਾਤਰ ਧਨ ਦੌਲਤ ਤੋਂ ਉੱਪਰ ਉੱਠੀਆਂ ਹੋਈਆਂ ਹਨ ਹਾਲਾਂਕਿ ਦੋਹਾਂ ਦੇ ਪਤੀ ਚੰਗਾ ਕਮਾਉਂਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਥੋੜ ਨਹੀਂ ਪਰ ਫਿਰ ਵੀ ਉਹ ਪ੍ਰਕ੍ਰਿਤਕ ਵਸੀਲਿਆਂ ਤੋਂ ਸੱਖਣੀਆਂ ਹਨ ਜਿਸ ਕਰਕੇ ਉਹ ਇਸ ਸਭ ਨੂੰ ਪ੍ਰਾਪਤ ਕਰਨਾ ਚਾਹੁੰਦੀਆਂ ਹਨ ਅਤੇ ਦੂਸਰੇ ਮਰਦਾਂ ਨਾਲ ਜੁੜਦੀਆਂ ਹਨ। 'ਅੰਦਰ ਵੱਲ ਖੁੱਲਦਾ ਬੂਹਾ' ਬਾਰੇ ਅੰਮ੍ਰਿਤਾ ਪ੍ਰੀਤਮ ਕਹਿੰਦੀ ਹੈ ਕਿ :

> "'ਅੰਦਰ ਵੱਲ ਖੁਲਦਾ ਬੂਹਾ' ਰਵਿੰਦਰ ਰਵੀ ਦੀ ਕਹਾਣੀ ਇੱਕ ਪਛਾਣ ਦੀ ਤਲਾਸ਼ ਵਿੱਚ ਤੁਰਦੇ ਮਨੁੱਖ ਦੀ ਕਹਾਣੀ ਹੈ। ਰਵੀ ਦੀ ਕਹਾਣੀ ਵਿੱਚ ਉਸ ਦੀ ਨਾਇਕਾ ਇੱਕ ਔਰਤ ਹੈ। ਔਰਤ ਇੱਕ ਪਰਾਏ ਮਰਦ ਕੋਲ ਜਦੋਂ ਇੱਕ ਪਛਾਣ ਦੇ ਨਾਤੇ ਜਾਂਦੀ ਹੈ ਤਾਂ ਥਾਂ ਹੋਰ ਵੀ ਨਾਜ਼ਕ ਹੋ ਜਾਂਦੀ ਹੈ। ਪਰ ਰਵੀ ਨੇ ਬੜੀ ਜਾਚ ਨਾਲ ਇਸ ਨੂੰ ਸੰਭਾਲਿਆ ਹੈ।"[8]

ਰਵਿੰਦਰ ਰਵੀ ਦੀਆਂ ਕਹਾਣੀਆਂ ਵਿੱਚ ਔਰਤ ਦੀ ਪੇਸ਼ਕਾਰੀ ਧਿਆਨ ਖਿੱਚਦੀ ਹੈ। ਉਸਨੇ ਪੱਛਮੀ ਔਰਤ ਦਾ ਖੁੱਲਾ ਸੁਭਾਅ, ਖੁੱਲ੍ਹੀ ਸੋਚ ਅਤੇ ਉਸਦੀ ਆਜ਼ਾਦੀ ਨੂੰ ਆਪਣੀਆਂ ਕਹਾਣੀਆਂ ਵਿੱਚ ਵਿਖਾਇਆ ਹੈ। ਉਸ ਦੀਆਂ ਕੁਝ ਕਹਾਣੀਆਂ 'ਅੰਦਰ ਵੱਲ ਖੁੱਲਦਾ ਬੂਹਾ', 'ਮਾਨਸਕ ਹਾਣ ਦਾ ਸਾਥ', 'ਸੁਤੰਤਰਤਾ ਦੇ ਸਮਾਨੰਤਰ ਸਿਰੇ' ਆਦਿ ਵਿੱਚ ਔਰਤ ਆਪਣੀ ਪਛਾਣ ਅਤੇ ਹੋਂਦ ਨੂੰ ਸਥਾਪਤ ਕਰਨ ਵੱਲ ਰੁਚਿਤ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਵਿੱਚ ਜਿਹੜੀ ਇੱਕ ਗੱਲ ਅਖੜਦੀ ਹੈ ਉਹ ਇਹ ਹੈ ਕਿ ਉਹ ਲਿੰਗਕ ਸੰਬੰਧਾਂ ਦੀ ਹੀ ਜ਼ਿਆਦਾ ਗੱਲ ਕਰਦਾ ਹੈ। ਔਰਤ ਦੀ ਆਜ਼ਾਦੀ ਦੀ ਗੱਲ ਕਰਦਾ ਕਰਦਾ ਉਹ ਔਰਤ ਨੂੰ ਇੱਕ ਮਨੁੱਖ ਦੀ ਥਾਂ ਲਿੰਗ ਵਜੋਂ ਹੀ ਪੇਸ਼ ਕਰ ਜਾਂਦਾ ਹੈ। ਲਿੰਗਕ ਭੁੱਖਾਂ ਦੀ ਪੂਰਤੀ ਲਈ ਉਹ ਪੱਛਮੀ ਸਮਾਜ ਵਿੱਚ ਹੋ ਰਹੇ ਤਜ਼ਰਬਿਆਂ ਦੀਆਂ ਕਹਾਣੀਆਂ ਲਿਖਦਾ ਹੈ।

ਰਵਿੰਦਰ ਰਵੀ ਆਪਣੇ ਦੋ ਕਹਾਣੀ ਸੰਗ੍ਰਹਿਆਂ ਤੋਂ ਬਾਅਦ ਪਰਵਾਸ ਧਾਰਨ ਕਰ ਗਿਆ ਸੀ। ਉਸਨੇ ਆਪਣੇ ਅਗਲੇ ਤਿੰਨ ਕਹਾਣੀ ਸੰਗ੍ਰਹਿ ਅਫ਼ਰੀਕਾ ਅਤੇ ਇੰਗਲੈਂਡ ਦੀ ਧਰਤੀ ਤੇ ਲਿਖੇ। ਉਸਨੇ ਆਪਣੀਆਂ ਕਹਾਣੀਆਂ ਵਿੱਚ ਉਹ ਹੀ ਲਿਖਿਆ ਜੋ ਉਸਨੇ ਆਪਣੇ ਨਜ਼ਰੀਏ ਤੋਂ ਉਸ ਸਮਾਜ ਵਿੱਚ ਤੱਕਿਆ ਸੀ। ਉਹ ਇੱਕ ਅਜਿਹਾ ਸਾਹਿਤਕਾਰ ਹੈ ਜੋ ਇੱਕ ਖਿੱਤੇ ਜਾਂ ਇੱਕ ਜਾਤ ਕੌਮ ਨਾਲ ਨਹੀਂ ਬੱਝ ਸਕਦਾ। ਇਸ ਕਰਕੇ ਉਸਨੇ ਉਹ ਸਭ ਕੁਝ ਬਹੁਤ ਘੱਟ ਮਾਤਰਾ ਵਿੱਚ ਲਿਖਿਆ ਜੋ ਪਹਿਲੇ ਕਹਾਣੀਕਾਰ ਆਪਣੇ ਕਹਾਣੀ ਸੰਗ੍ਰਹਿਆਂ ਵਿੱਚ ਲਿਖਦੇ ਆ ਰਹੇ ਸਨ। ਭਾਵ ਉਹ ਨਸਲਵਾਦ ਨੂੰ ਆਪਣੀਆਂ ਕਹਾਣੀਆਂ ਦਾ ਮੂਲ ਵਿਸ਼ਾ ਨਹੀਂ ਬਣਾਉਂਦਾ। ਜੇਕਰ ਕਿਧਰੇ ਹੈ ਵੀ ਤਾਂ ਬੜੇ ਹੀ ਨਿਮਨ ਪੱਧਰ ਤੇ ਪੇਸ਼ ਹੋਇਆ ਹੈ। ਉਸਦੀ ਧਾਰਨਾ ਹੈ ਕਿ ਨਸਲਵਾਦ ਸਿਰਫ ਇੱਕ ਗੋਰੇ ਦੁਆਰਾ ਇੱਕ ਪੰਜਾਬੀ ਵਾਸਤੇ ਨਹੀਂ ਹੋ ਰਿਹਾ ਸਗੋਂ ਪੰਜਾਬੀ ਵੀ ਇਸ ਵਿੱਚ ਉਤਨੇ ਹੀ ਭਾਈਵਾਲ ਹਨ। ਅਫ਼ਰੀਕਾ ਵਿੱਚ ਵਸਦਿਆਂ ਲਿਖੀਆਂ ਉਸ ਦੀਆਂ ਕਹਾਣੀਆਂ ਵਿੱਚੋਂ ਚੱਕਰਵਿਊ, ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ, ਜਲ ਮਹਿ ਕਮਲ ਅਲੇਪ ਆਦਿ ਕਹਾਣੀਆਂ ਦੇਖੀਆਂ ਜਾ ਸਕਦੀਆਂ ਹਨ। 'ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ' ਨਾਮੀ ਕਹਾਣੀ ਕਾਲੇ ਮਜ਼ਦੂਰਾਂ ਉੱਪਰ ਹੁੰਦੇ ਨਸਲੀ ਹਮਲੇ ਦੀ ਬਾਤ ਪਾਉਂਦੀ ਹੈ। ਅੰਗਰੇਜ਼ ਮਾਲਕਾਂ ਦੁਆਰਾ ਭਾਰਤੀਆਂ ਉੱਪਰ ਹੁੰਦੀ ਸਖ਼ਤੀ ਨੂੰ ਦਿਖਾਇਆ ਗਿਆ ਹੈ। ਜੇਕਰ ਉਹ ਇੱਕ ਦਿਨ ਕੰਮ ਤੇ ਨਹੀਂ ਜਾਂਦੇ ਤਾਂ ਉਹਨਾਂ ਨੂੰ ਕੰਮ ਤੋਂ ਹਮੇਸ਼ਾ ਲਈ ਛੁੱਟੀ ਦੇ ਦਿੱਤੀ ਜਾਂਦੀ ਹੈ। ਇਸ ਕਹਾਣੀ ਵਿੱਚ ਕੁਝ ਪਾਤਰ ਇੱਕਠੇ ਬੈਠੇ ਵਿਸਕੀ ਪੀ ਰਹੇ ਹਨ ਅਤੇ ਇੱਕ ਪਾਤਰ ਗੁਰਦਿਆਲ ਸਿੰਘ ਕਹਿੰਦਾ ਹੈ ਕਿ :

> ਇਹ ਸਾਲੀ ਦੁੱਧ ਵਿੱਚ ਮੱਖੀ ਹੈ। ਉਂਝ ਵੀ ਬਰਮਿੰਘਮ ਤੇ ਵੁਲਵਰਹੈਂਪਟਨ ਦੇ ਸਭ ਲੋਕ ਈਨੋਕ ਪਾਵੇਲ ਦੀਆਂ ਨਸਲੀ ਵਿਤਕਰੇ ਵਿੱਚ ਸੜਦੀਆਂ ਧੂੰਆਧਾਰ ਤਕਰੀਰਾਂ ਸੁਣ ਕੇ ਇਸ ਵਾਂਗ ਹੀ ਕੁਝ ਵਧੇਰੇ ਕਲਰ ਕਾਨਸ਼ਿਅਸ (Colour Concious) ਹੋ ਚੁੱਕੇ ਹਨ। ਏਥੇ ਭਾਰਤੀਆਂ ਲਈ ਵਾਤਾਵਰਨ ਸੁਖਾਵਾਂ ਨਹੀਂ, ਬਹੁਤ ਸਖ਼ਤੀ ਕਰਦੇ ਹਨ। ਇੱਕ ਦਿਨ ਕੰਮ ਤੇ ਨਾ ਜਾਓ ਛੁੱਟੀ।[9]

ਪਰ ਇਸ ਤੋਂ ਵੀ ਜ਼ਿਆਦਾ ਬੁਰੇ ਹਾਲਾਤ 'ਚੱਕਰਵਿਊ' ਕਹਾਣੀ ਵਿੱਚ ਸਾਹਮਣੇ ਆਉਂਦੇ ਹਨ ਜਿੱਥੇ ਮੈਂ ਪਾਤਰ ਆਪਣੀ ਮਾਨਸਿਕਤਾ ਨੂੰ ਬਿਆਨ ਕਰਦਾ ਹੈ। ਉਹ ਕਹਿੰਦਾ ਹੈ :

> "ਤੇ ਤੈਨੂੰ ਪਤਾ ਕਿ ਸਾਡੇ ਨਾਲ ਏਥੇ ਕੀ ਬੀਤਦੀ ਹੈ? ਸਾਡੇ ਨਾਲ - ਅਸੀਂ ਜੋ ਪੜੇ ਲਿਖੇ ਹਾਂ, ਗਿਆਨਵਾਨ ਹਾਂ, ਬੁੱਧੀਜੀਵੀ ਹਾਂ - ਜਿਹਨਾਂ ਨੂੰ ਪਤਾ ਹੈ ਕਿ ਅੰਗਰੇਜ਼ ਸਾਨੂੰ ਗਾਲ੍ਹ ਕੱਢ ਰਿਹਾ ਹੈ ਤੇ ਫਿਰ ਵੀ ਅਸੀਂ ਚੁੱਪ ਰਹਿੰਦੇ ਹਾਂ - ਸਾਡੇ ਨਾਲੋਂ ਤਾਂ ਉਹ ਅਨਪੜ੍ਹ ਰੰਗਦਾਰ ਅਵਾਸੀ ਹੀ ਚੰਗੇ ਹਨ, ਜਿਹਨਾਂ ਨੂੰ ਅੰਗਰੇਜ਼ੀ ਦੀ ਸਮਝ ਨਹੀਂ ਪੈਂਦੀ ਤੇ ਉਹ ਅੰਗਰੇਜ਼ ਦੀ ਹਰ ਗਾਲ੍ਹ ਉੱਤੇ ਦੰਦ ਕੱਢ ਕੇ ਹੱਸ ਛੱਡਦੇ ਹਨ।[10]

ਇੱਥੇ ਰਵੀ ਨੇ ਇੱਕ ਅਜਿਹੇ ਪੜ੍ਹੇ ਲਿਖੇ ਮਨੁੱਖ ਦੀ ਗੱਲ ਕੀਤੀ ਹੈ ਜਿਸ ਨੂੰ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਸਹਿਨ ਕਰਨਾ ਪੈ ਰਿਹਾ ਹੈ ਅਤੇ ਇਸਦਾ ਕਾਰਨ ਰੁਜ਼ਗਾਰ ਅਤੇ ਪਰਦੇਸ ਵਿੱਚ ਆ ਕੇ ਧਨ ਕਮਾਉਣ ਦੀ ਲਾਲਸਾ ਹੈ। ਇਸ ਸਥਿਤੀ ਤੇ ਪਹੁੰਚ ਕੇ ਉਸ ਪੜੇ ਲਿਖੇ ਪਰਵਾਸੀ ਦਾ ਦੁਖਾਂਤ ਹੋਰ ਗਹਿਰਾ ਹੋ ਜਾਂਦਾ ਹੈ।

ਰਵੀ ਸਿਰਫ ਭਾਰਤੀਆਂ ਨਾਲ ਹੋ ਰਹੇ ਨਸਲਵਾਦ ਦੀ ਹੀ ਗੱਲ ਨਹੀਂ ਕਰਦਾ ਸਗੋਂ ਭਾਰਤੀਆਂ ਵੱਲੋਂ ਨਸਲ ਜਾਂ ਰੰਗ ਦੇ ਨਾਂ ਤੇ ਹੁੰਦੇ ਭੇਦਭਾਵ ਨੂੰ ਵੀ ਬਿਆਨ ਕਰਦਾ ਹੈ। 'ਜਲ ਮਹਿ ਕਮਲ ਅਲੇਪ' ਕਹਾਣੀ ਵਿੱਚ ਇੱਕ ਪੰਜਾਬੀ ਔਰਤ ਦੁਆਰਾ ਕਹੇ ਜਾਂਦੇ ਸ਼ਬਦ ਵੀ ਨਸਲਵਾਦ ਜਾਂ ਰੰਗ ਭੇਦ ਨੂੰ ਬਿਆਨ ਕਰ ਜਾਂਦੇ ਹਨ। ਜਿਵੇਂ :

> "ਇਹ ਤੁਹਾਡਾ ਦੋਸਤ ਕਿੰਨਾ ਬਦਤਮੀਜ਼ ਹੈ। ਕਾਲੀ ਨੂੰ ਨਾਲ ਲੈ ਤੁਰਿਆ ਹੈ।[11]

ਨਸਲਵਾਦ ਇੱਕ ਅਜਿਹਾ ਫੋੜਾ ਹੈ ਜੋ ਕਿਸੇ ਦੇ ਦਿਮਾਗ ਵਿੱਚ ਹੋ ਸਕਦਾ ਹੈ ਫਿਰ ਚਾਹੇ ਉਹ ਭਾਰਤੀ ਹੋਣ ਜਾਂ ਵਿਦੇਸ਼ੀ। ਜੇਕਰ ਇੱਕ ਕੌਮ ਜਾਂ ਫਿਰ ਨਸਲ ਦੂਸਰੀ ਕੌਮ ਜਾਂ ਨਸਲ ਨੂੰ ਕੁਝ ਸਹੂਲਤਾਂ ਦਿੰਦੀ ਵੀ ਹੈ ਤਾਂ ਇਸ ਦੇ ਪਿੱਛੇ ਕੋਈ ਨ ਕੋਈ ਕਾਰਨ ਹੁੰਦਾ ਹੈ। ਡਾ. ਜੁਗਿੰਦਰ ਸਿੰਘ ਨਹਿਰੂ ਅਨੁਸਾਰ :

> "ਰਾਖਵੇਂ ਹਲਕਿਆਂ ਵਿੱਚ ਲਾਲ ਭਾਰਤੀਆਂ ਨੂੰ ਡੱਕੀ ਰੱਖਣਾ ਉਸ ਜਾਤੀ ਦੇ ਸਹਿਜ ਵਿਕਾਸ ਨੂੰ ਮੂਲੋਂ ਹੀ ਖ਼ਤਮ ਕਰਨਾ ਹੈ ਅਤੇ ਤਥਾ-ਕਥਿਤ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨਾ ਵਾਸਤਵ ਵਿੱਚ ਉਨ੍ਹਾਂ ਨੂੰ ਮਿੱਠੀ ਜ਼ਹਿਰ ਦੇ ਕੇ ਮਾਰਨਾ ਹੈ।"[12]

ਹਾਲਾਂਕਿ ਭਾਰਤੀ ਪੰਜਾਬੀ ਇਧਰ (ਪੰਜਾਬ) ਬੈਠੇ ਵੀ ਇਹ ਜਾਣਦੇ ਹਨ ਕਿ ਉਹਨਾਂ ਨਾਲ ਪੱਛਮੀ ਧਰਤੀ ਤੇ ਪੈਰ ਧਰਦਿਆਂ ਹੀ ਰੁੱਖਾ ਰਵੱਈਆ ਅਪਣਾਇਆ ਜਾਵੇਗਾ ਪਰ ਫਿਰ ਵੀ ਉਹ ਜ਼ਿਆਦਾ ਹੋਰ ਜ਼ਿਆਦਾ ਪੈਸਾ ਕਮਾਉਣ ਦੀ ਹੋੜ ਵਿੱਚ ਜਾਇਜ਼ ਅਤੇ ਨਜਾਇਜ਼ ਢੰਗ ਨਾਲ ਬਾਹਰ ਨੂੰ ਤੁਰਦੇ ਜਾ ਰਹੇ ਹਨ।

ਪੰਜਾਬ ਵੱਸਦਾ ਕੋਈ ਘਰ ਅਜਿਹਾ ਨਹੀਂ ਜਿਸਦਾ ਕੋਈ ਜੀਅ ਵਿਦੇਸ਼ ਵਿੱਚ ਨਾ ਰਹਿੰਦਾ ਹੋਵੇ ਉਹ ਆਪਣੀਆਂ ਧੀਆਂ ਦੇ ਵਿਆਹ ਵੀ ਬਾਹਰਲੇ ਮੁੰਡਿਆਂ ਨਾਲ ਕਰਨਾ ਚਾਹੁੰਦੇ ਹਨ ਤਾਂ ਕਿ ਉਹਨਾਂ ਦਾ ਸਾਰਾ ਪਰਿਵਾਰ ਵਿਦੇਸ਼ਾਂ ਵਿੱਚ ਸੈਟ ਹੋ ਸਕੇ। ਮਾਂ-ਬਾਪ ਇਹ ਵੀ ਨਹੀਂ ਦੇਖਦੇ ਕਿ ਵਰ ਉਹਨਾਂ ਦੀ ਲੜਕੀ ਦੇ ਮੇਚ ਹੈ ਵੀ ਜਾਂ ਨਹੀਂ। ਇਸ ਸਭ ਦੀ ਬਾਤ ਪਾਉਂਦੀਆਂ ਕਹਾਣੀਆਂ 'ਮਾਤਮ', 'ਅਪਰਾਧ ਮੁਕਤ' ਅਤੇ 'ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ' ਦੇਖੀਆਂ ਜਾ ਸਕਦੀਆਂ ਹਨ।

'ਮਾਤਮ' ਇੱਕ ਅਜਿਹੀ ਕਹਾਣੀ ਹੈ ਜਿਸ ਵਿੱਚ ਲੜਕੀ ਨੂੰ ਜਵਾਨ ਮੁੰਡੇ ਦੀ ਤਸਵੀਰ ਵਿਖਾ ਕੇ ਅਧੇੜ ਉਮਰ ਦੇ ਆਦਮੀ ਨਾਲ ਵਿਆਹ ਦਿੱਤਾ ਜਾਂਦਾ ਹੈ। ਇੱਥੇ ਰਵੀ ਨੇ ਇਹ ਬਿਆਨ ਕੀਤਾ ਹੈ ਕਿ ਸਾਮੰਤੀ ਸਮਾਜ ਵਿੱਚ ਔਰਤ ਦੀ ਇੱਛਾ ਦੀ ਕੋਈ ਅਹਿਮੀਅਤ ਨਹੀਂ ਹੈ। ਇੱਕ ਲੜਕੀ ਦੇ ਸੁਪਨੇ ਉਸ ਵੇਲੇ ਟੁੱਟਦੇ ਹਨ ਜਦੋਂ ਉਹ ਇੱਕ ਨਸ਼ਈ ਅਤੇ ਅਧੇੜ ਉਮਰ ਦੇ ਬੰਦੇ ਨੂੰ ਆਪਣੇ ਪਤੀ ਦੇ ਰੂਪ ਵਿੱਚ ਦੇਖਦੀ ਹੈ। ਚਾਹੇ ਮਾਪਿਆਂ ਨਾਲ ਵੀ ਛੱਲ ਹੀ ਹੁੰਦਾ ਹੈ ਕਿਉਂਕਿ ਉਹਨਾਂ ਨੂੰ ਵੀ ਉਸ ਬੰਦੇ ਦੀ ਪੁਰਾਣੀ ਤਸਵੀਰ ਹੀ ਵਿਖਾਈ ਜਾਂਦੀ ਹੈ ਪਰ ਮਾਪਿਆਂ ਦੀ ਆਪਣੇ ਪੁੱਤਰ ਨੂੰ ਬਾਹਰ ਭੇਜਣ ਦੀ ਲਾਲਸਾ ਵੀ ਲੁਕੀ ਨਹੀ। ਲੜਕੀ ਵੀ ਕਿਤੇ ਨਾ ਕਿਤੇ ਆਪਣੇ ਦਿਲ ਵਿੱਚ ਇਹ ਗੱਲ ਲੁਕਾਈ ਬੈਠੀ ਹੈ ਕਿ ਜੇਕਰ ਉਹ ਅਧੇੜ ਉਮਰ ਦੇ ਪਤੀ ਨੂੰ ਛੱਡ ਦੇਵੇਗੀ ਤਾਂ ਉਸਦਾ ਪਰਿਵਾਰ ਵਿਦੇਸ਼ ਨਹੀਂ ਪਹੁੰਚ ਪਾਵੇਗਾ। ਮਾਤਮ ਮਰਿਆਂ ਦਾ ਕੀਤਾ ਜਾਂਦਾ ਹੈ, ਪਰ ਇੱਥੇ ਪਾਤਰ ਜਿਉਂ ਕੇ ਵੀ ਨਹੀਂ ਜੀਉਂਦੇ ਉਹ ਜੀਉਣ ਲਈ ਸਹਾਰਿਆਂ ਦੀ ਭਾਲ ਵਿੱਚ ਹਨ।

'ਅਪਰਾਧ ਮੁਕਤ' ਕਹਾਣੀ ਵਿੱਚ ਵੀ ਇੱਕ ਅਜਿਹੇ ਪਤੀ-ਪਤਨੀ ਜੋੜੇ ਦੀ ਗੱਲ ਹੈ ਜੋ ਕਿ ਭਾਰਤ (ਪੰਜਾਬ) ਵਿੱਚ ਰਹਿੰਦੇ ਹਨ। ਪਤੀ ਕਮਾਈ ਲਈ ਬਾਹਰ ਜਾਣਾ ਚਾਹੁੰਦਾ ਹੈ। ਪਰ ਪਤਨੀ ਨਹੀਂ ਚਾਹੁੰਦੀ ਫਿਰ ਵੀ ਮਰਦ ਪਾਤਰ ਬਾਹਰ ਚਲਾ ਜਾਂਦਾ ਹੈ ਉਹ ਉੱਥੇ ਆਪਣੀਆਂ ਸਰੀਰਿਕ ਲੋੜਾਂ ਪੂਰੀਆਂ ਕਰਦਾ ਹੈ ਅਤੇ ਇਹ ਨਹੀਂ ਚਾਹੁੰਦਾ ਕਿ ਉਸਦੀ ਪਤਨੀ ਉਹ ਕੁਝ ਕਰੇ ਜੋ ਉਹ ਇੱਥੇ ਰਹਿ ਕੇ ਕਰ ਰਿਹਾ ਹੈ। ਕਾਫ਼ੀ ਸਮੇਂ ਬਾਅਦ ਜਦ ਉਹ ਭਾਰਤ ਪਰਤਦਾ ਹੈ ਤਾਂ ਉਸਨੂੰ ਡਾਕਟਰ ਤੋਂ ਬੱਚਾ ਨਾ ਹੋਣ ਲਈ ਲਏ ਗਏ ਪਰਹੇਜ਼ ਬਾਰੇ ਪਤਾ ਚਲਦਾ ਹੈ ਤਾਂ ਉਸਨੂੰ ਆਪਣੇ ਬਾਹਰ ਜਾਣ ਤੇ ਬਹੁਤ ਖੇਦ ਹੁੰਦਾ ਹੈ। ਇਹ ਕਹਾਣੀ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਦੇ ਰਿਸ਼ਤਿਆਂ ਵਿੱਚ ਪੈਂਦੀ ਦਰਾਰ ਦੀ ਕਹਾਣੀ ਹੈ।

'ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ' ਕਹਾਣੀ ਵਿੱਚ ਇੱਕ ਅਜਿਹੇ ਪਾਤਰ ਦੀ ਗੱਲ ਹੈ ਜੋ ਪੜਿਆ ਲਿਖਿਆ ਹੋਣ ਦੇ ਬਾਵਜੂਦ ਸਕੂਲ ਵਿੱਚ ਮੁਨਸ਼ੀਗਿਰੀ ਕਰਦਾ ਹੈ। ਇਸ ਸਭ ਤੋਂ ਉਕਤਾ ਕੇ ਉਹ ਵਿਦੇਸ਼ ਚਲਾ ਜਾਂਦਾ ਹੈ ਅਤੇ ਉੱਥੇ ਜਾ ਕੇ ਪੈਸੇ ਕਮਾਉਣ ਨਾਲ ਉਸ ਦੇ ਘਰ ਦੀ ਹਾਲਤ ਦਰੁਸਤ ਹੋ ਜਾਂਦੀ ਹੈ। ਉਹ ਕਹਿੰਦਾ ਹੈ :

> ਛੇ ਸਾਲਾਂ ਵਿੱਚ ਭੁੱਖ ਨਾਲ ਘੁਲਦਿਆਂ ਜਦੋਂ ਮੈਨੂੰ ਵੀ ਥਾਂ ਪਰ ਥਾਂ ਟੱਕਰਾਂ ਮਾਰਨ ਉਪਰੰਤ ਕੋਈ ਚੱਜ ਦੀ ਨੌਕਰੀ ਨਾ ਮਿਲੀ ਤਾਂ ਮੈਨੂੰ ਵੀ ਗੁਰਦਿਆਲ ਵਾਲਾ ਹੀ ਰਾਹ ਅਪਨਾਉਣਾ ਪਿਆ। ਇਹ ਗੱਲ ਵੱਖਰੀ ਹੈ ਕਿ ਸਮੇਂ ਨੇ ਮੈਨੂੰ ਅਫ਼ਰੀਕਾ ਵਿੱਚ ਲਿਆ ਸੁੱਟਿਆ ਤੇ ਮੇਰਾ ਕਿੱਤਾ ਵੀ ਮਜ਼ਦੂਰੀ ਨਾ ਹੋ ਕੇ ਵਿੱਦਿਆ ਦੇ ਕੰਮ ਨਾਲ ਹੀ ਜੁੜਿਆ ਰਿਹਾ। ਇੱਥੇ ਤਨਖ਼ਾਹ ਹੀ ਕਾਫੀ ਨਹੀਂ ਸਗੋਂ ਵਿਹਲ ਵੀ ਬਹੁਤ ਸੀ।[13]

ਇਸ ਕਹਾਣੀ ਤੋਂ ਜਿਹੜੀ ਇੱਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਦਿਨ ਪ੍ਰਤਿਦਿਨ ਵੱਧਦੀ ਜਾ ਰਹੀ ਹੈ ਜਿਸ ਕਾਰਨ ਨੌਜਵਾਨ ਪੀੜੀ ਨੇ ਆਪਣਾ ਰੁੱਖ ਵਿਦੇਸ਼ਾਂ ਨੂੰ ਕਰ ਲਿਆ ਹੈ। ਚਾਹੇ ਉੱਥੇ ਪੜੇ ਅਤੇ ਅਨਪੜ੍ਹ ਸਭ ਨੂੰ ਇੱਕ ਸਮਾਨ ਕਿੱਤਾ ਹੀ ਕਰਨਾ ਪੈਂਦਾ ਹੈ ਪਰ ਮਿਲਦੇ ਪੈਸੇ ਨਾਲ ਉਹਨਾਂ ਨੂੰ ਇਹ ਸੰਤੁਸ਼ਟੀ ਤਾਂ ਹੋ ਰਹੀ ਹੈ ਕਿ ਉਹ ਕਮਾ ਰਹੇ ਹਨ। ਇਹੀ ਕਮਾਈ ਦੀ ਭਾਵਨਾ ਨਾਲ ਉਹ ਵਿਦੇਸ਼ਾਂ ਵੱਲ ਨੂੰ ਜਾ ਰਹੇ ਹਨ।

ਅਫ਼ਰੀਕਾ ਵਿੱਚ ਕੁਝ ਸਮਾਂ ਰਹਿਣ ਤੋਂ ਬਾਅਦ ਰਵਿੰਦਰ ਰਵੀ ਪੱਕੇ ਤੌਰ ਤੇ ਕੈਨੇਡਾ ਚਲਾ ਗਿਆ। ਇੱਥੇ ਆ ਕੇ ਉਸਨੇ ਚਾਰ ਕਹਾਣੀ ਸੰਗ੍ਰਹਿ 'ਕੰਪਿਊਟਰ ਕਲਚਰ', 'ਜਿੱਥੇ ਦੀਵਾਰਾਂ ਨਹੀਂ", 'ਆਪਣੇ ਆਪਣੇ ਟਾਪੂ', ਅਤੇ 'ਗੋਰੀਆਂ ਸ਼ਹੀਦੀਆਂ' ਲਿਖੇ। ਰਵਿੰਦਰ ਰਵੀ ਦੀਆਂ ਇਹਨਾਂ ਕਹਾਣੀਆਂ ਵਿੱਚ ਕੁਝ ਵਿਸ਼ੇ ਉਸ ਦੀਆਂ ਅਫ਼ਰੀਕਾ ਵਿੱਚ ਹੁੰਦਿਆ ਲਿਖੀਆਂ ਕਹਾਣੀਆਂ ਵਾਲੇ ਹਨ। ਇਹਨਾਂ ਸੰਗ੍ਰਹਿਆਂ ਵਿੱਚ ਰਵਿੰਦਰ ਰਵੀ ਨੇ ਅੱਜ ਦੇ ਯੁੱਗ ਵਿੱਚ ਮਸ਼ੀਨੀਕਰਣ, ਲਿੰਗ ਖੁੱਲ ਜਾਂ ਲਿੰਗ ਸ਼ੋਸ਼ਣ, ਰਿਸ਼ਤਿਆਂ ਵਿੱਚ ਪੈ ਰਹੀਆਂ ਤਰੇੜਾਂ, ਨੈਤਿਕ ਗਿਰਾਵਟ, ਅਨੈਤਿਕਤਾ ਦੀ ਭਰਮਾਰ, ਨਸ਼ਾ ਸੇਵਨ, ਤਸਕਰੀ ਰੰਗਭੇਦ ਦੀ ਸਮੱਸਿਆ ਨੂੰ ਸਾਹਮਣੇ ਲਿਆਂਦਾ ਹੈ। ਉਸਨੇ ਪੱਛਮੀ ਮਾਨਸਿਕਤਾ ਦਾ ਅਧਿਐਨ ਕਰਕੇ ਉਸਨੂੰ ਆਪਣੇ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਹੈ। ਉਸ ਦੀਆਂ ਕਹਾਣੀਆਂ ਵਿੱਚ ਮਨੁੱਖ ਦੇ ਚਰਿੱਤਰ ਦੀਆਂ ਕਈ ਪਰਤਾਂ ਨੂੰ ਪਕੜ ਕੇ ਉਨ੍ਹਾਂ ਦਾ ਸਾਹਿਤਿਕ ਰੂਪਾਂਤਰਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿੱਟੇ ਵਜੋਂ ਸਹਿਜੇ ਹੀ ਦੇਸੀ ਅਤੇ ਵਿਦੇਸ਼ੀ ਵਿਸ਼ਵ ਪੱਧਰ ਦੇ ਸਰੋਕਾਰ ਉਸ ਦੀਆਂ ਕਹਾਣੀਆਂ ਵਿੱਚ ਆ ਹਾਜ਼ਰ ਹੁੰਦੇ ਹਨ। ਉਸਨੇ ਮਨੁੱਖ ਦੀ ਪੀੜਾ ਜ਼ਿਹਨੀ ਅਤੇ ਜਿਨਸੀ ਪੱਧਰ ਉੱਤੇ ਪੇਸ਼ ਕੀਤੀ ਹੈ। ਅੱਜ ਦੇ ਮਨੁੱਖ ਦੀ ਇਕੱਲਤਾ, ਨਿੱਜਤਾ ਅਤੇ ਅਲੱਗ-ਥਲੱਗ ਰਹਿ ਜਾਣ ਦੀ ਸੰਤਾਪੀ ਸਥਿਤੀ ਨੂੰ ਵੱਖ-ਵੱਖ ਕੋਣਾਂ, ਪੱਧਰਾਂ ਤੋਂ ਉਸ ਦੀਆਂ ਕਹਾਣੀਆਂ ਵਿੱਚ ਸਿਰਜਿਆ ਗਿਆ ਹੈ।

ਕਹਾਣੀਕਾਰ ਦੀਆਂ ਕੈਨੇਡਾ ਵਿੱਚ ਵੱਸਦਿਆਂ ਲਿਖੀਆਂ ਕਹਾਣੀਆਂ ਵਿੱਚ ਜ਼ਿਆਦਾਤਰ ਵਿਗਿਆਨ, ਮਸ਼ੀਨੀਕਰਣ ਅਤੇ ਪਦਾਰਥਵਾਦੀ ਰੁਚੀਆਂ ਦੀ ਗੱਲ ਹੋਈ ਹੈ। ਇਹਨਾਂ ਕਹਾਣੀਆਂ ਵਿੱਚ ਮਸ਼ੀਨੀਕਰਣ ਕਾਰਨ ਆਈ ਇੱਕਲਤਾ, ਬੇਗਾਨਗੀ, ਵਿਅਕਤੀਗਤ ਰੁਚੀ, ਜੀਵਨ ਵਿੱਚ ਆ ਰਹੀ ਨਿਰਾਸਤਾ, ਮਨੁੱਖ ਦਾ

ਮਨੁੱਖ ਨਾਲੋਂ ਸੰਬੰਧ ਟੁੱਟਣਾ ਅਤੇ ਪਦਾਰਥਾਂ ਨਾਲ ਜੁੜਨਾ, ਨਿਰਾਸਤਾ ਤੋਂ ਬਚਣ ਲਈ ਨਵੇਂ ਹੀਲਿਆਂ ਵਸੀਲਿਆਂ ਅਤੇ ਬੰਦੇ ਦੀ ਬੰਦੇ ਤੋਂ ਵਧਦੀ ਦੂਰੀ ਦੀ ਗੱਲ ਕੀਤੀ ਗਈ ਹੈ। ਰਵੀ ਆਪਣੀਆਂ ਕਹਾਣੀਆਂ ਵਿੱਚ ਇਹ ਦੱਸਣਾ ਚਾਹੁੰਦਾ ਹੈ ਮਨੁੱਖ ਮਨੁੱਖ ਨਾ ਰਹਿ ਕੇ ਮਸ਼ੀਨ ਬਣ ਚੁੱਕਿਆ ਹੈ। ਉਹ ਆਪਣੀ ਹਰ ਜ਼ਰੂਰਤ ਚਾਹੇ ਉਹ ਸਰੀਰਿਕ ਹੋਵੇ ਜਾਂ ਫਿਰ ਮਾਨਸਿਕ ਮਸ਼ੀਨ ਨਾਲ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਨਸਾਨ ਨੇ ਮਨੁੱਖ ਨਾਲੋਂ ਨਾਤਾ ਤੋੜ ਕੇ ਮਸ਼ੀਨ ਨਾਲ ਜੋੜ ਲਿਆ ਹੈ, ਉਹ ਆਪਣੇ ਆਪ ਨੂੰ ਮਸ਼ੀਨ ਤੋਂ ਬਿਨਾ ਅਧੂਰਾ ਸਮਝਦਾ ਹੈ। ਇਸ ਮਸ਼ੀਨੀਕਰਣ ਦੇ ਦੌਰ ਵਿੱਚ ਅੱਜ ਹਰ ਕੰਮ ਇੱਕ ਮਸ਼ੀਨ ਰਾਹੀਂ ਹੀ ਹੁੰਦਾ ਹੈ ਉਹ ਕਈ ਬੰਦਿਆਂ ਦਾ ਕੰਮ ਇਕੱਲੀ ਕਰ ਦਿੰਦੀ ਹੈ ਅਤੇ ਨਤੀਜਾ ਬੇਕਾਰੀ ਦੀ ਸਮੱਸਿਆ ਵੀ ਇਸ ਨਾਲ ਪੈਦਾ ਹੁੰਦੀ ਹੈ। ਮਸ਼ੀਨਾਂ ਤੋਂ ਬਿਨਾ ਅੱਜ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਦੇ ਮਨੁੱਖ ਦੇ ਸਾਰੇ ਸਮਾਜਿਕ, ਆਰਥਿਕ, ਰਾਜਨੀਤਿਕ ਕੰਮ ਮਸ਼ੀਨ ਉੱਪਰ ਹੀ ਸਿਮਟ ਕੇ ਰਹਿ ਗਏ ਹਨ। ਜਿਸ ਮਸ਼ੀਨ ਨੂੰ ਇੱਕ ਮਨੁੱਖ ਨੇ ਸਿਰਜਿਆ ਸੀ ਅੱਜ ਉਹੀ ਮਸ਼ੀਨ ਮਨੁੱਖਾਂ ਦੀ ਸਿਰਜਣਾ ਕਰ ਰਹੀ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪੱਛਮੀ ਸਮਾਜ ਵਿਕਸਿਤ ਅਤੇ ਪੂੰਜੀਵਾਦੀ ਸਮਾਜ ਹੈ। ਇਹ ਏਨਾ ਗੁੰਝਲਦਾਰ ਢਾਂਚਾ ਹੈ ਕਿ ਮਨੁੱਖ ਇਸ ਦੇ ਚੁੰਗਲ ਵਿੱਚੋਂ ਨਿਕਲ ਹੀ ਨਹੀਂ ਪਾਉਂਦਾ। ਪਦਾਰਥਕ ਸਹੂਲਤਾਂ ਲਈ ਉਹ ਪੂੰਜੀ ਦੇ ਪਿੱਛੇ ਭੱਜਦਾ ਰਹਿੰਦਾ ਹੈ। ਜੇਕਰ ਮਸ਼ੀਨ ਨੇ ਮਨੁੱਖ ਦੇ ਸਮੇਂ ਦੀ ਬਚਤ ਅਤੇ ਉਸ ਨੂੰ ਤਰੱਕੀ ਦਿੱਤੀ ਹੈ ਤਾਂ ਇਸਦੇ ਨਾਲ-ਨਾਲ ਉਸਨੇ ਮਨੁੱਖ ਨੂੰ ਤਨਾਓ ਅਤੇ ਖਲਾਅ ਭਰੀ ਜ਼ਿੰਦਗੀ ਵੀ ਬਖ਼ਸ਼ੀ ਅਤੇ ਇਹੀ ਤਨਾਓ ਅਤੇ ਖਲਾਅ ਮਨੁੱਖੀ ਰਿਸ਼ਤਿਆਂ ਦੇ ਵਿਘਟਨ ਦਾ ਕਾਰਨ ਵੀ ਬਣਿਆ। ਪੈਸਾ ਕਮਾਉਣ ਦੇ ਮਕਸਦ ਨਾਲ ਪੰਜਾਬੀ/ਭਾਰਤੀ ਵਿਦੇਸ਼ਾਂ ਵਿੱਚ ਗਿਆ। ਉਹ ਧਨ ਕਮਾਉਣ ਵਿੱਚ ਇੰਨ੍ਹਾ ਰੁੱਝ ਗਿਆ ਕਿ ਆਪਣੇ ਪਰਿਵਾਰ ਵੱਲ ਧਿਆਨ ਨਾ ਦੇ ਸਕਿਆ। ਨਤੀਜਾ ਉਸਦਾ ਪਰਿਵਾਰ, ਬੱਚੇ ਨਵੀਆਂ ਉਡਾਨਾਂ ਭਰਨ ਲੱਗੇ। ਪੈਸੇ ਦੀ ਦੌੜ ਵਿੱਚ ਉਹ ਇੰਨਾ ਉਲਝ ਗਿਆ ਕਿ ਮਾਨਵੀ ਰਿਸ਼ਤਿਆਂ ਵਿੱਚ ਉਲਝਨਾਂ ਪੈਦਾ ਹੋ ਗਈਆਂ।

ਰਵੀ ਨੇ ਇਹ ਵੀ ਆਪਣੀਆਂ ਕਹਾਣੀਆਂ ਦੇ ਜ਼ਰੀਏ ਕਹਿਣਾ ਚਾਹਿਆ ਹੈ ਕਿ ਇਹ ਗੱਲ ਠੀਕ ਹੈ ਕਿ ਮਸ਼ੀਨ ਨੇ ਮਨੁੱਖ ਨੂੰ ਤਰੱਕੀ ਦਿੱਤੀ ਹੈ, ਨਵੇਂ ਰਾਹੇ ਪਾਇਆ ਹੈ, ਪਰ ਮਸ਼ੀਨ ਦੇ ਨਾਲ ਮਨੁੱਖ ਦਾ ਵੀ ਮਸ਼ੀਨ ਹੋ ਜਾਣਾ ਕਈ ਮੁਸੀਬਤਾਂ ਦੀ ਜੜ੍ਹ ਹੈ। ਅੱਜ ਦੇ ਇਨਸਾਨ ਨੇ ਮਸ਼ੀਨ ਨੂੰ ਰਿਸ਼ਤੇ ਨਾਤਿਆਂ ਤੋਂ ਉੱਪਰ ਸਥਾਨ ਦੇ ਦਿੱਤਾ ਹੈ।

ਕੈਨੇਡਾ ਵਿੱਚ ਲਿਖੇ ਚਾਰੋ ਕਹਾਣੀ ਸੰਗ੍ਰਹਿਆਂ ਵਿੱਚ ਸਾਨੂੰ ਮਸ਼ੀਨੀਕਰਣ ਅਤੇ ਉਸਦੇ ਪ੍ਰਭਾਵਾਂ ਨਾਲ ਪੈਂਦੇ ਰਿਸ਼ਤਿਆਂ ਵਿਚਲੇ ਵਿਗਾੜ ਦੇ ਦਰਸ਼ਨ ਹੋ ਜਾਂਦੇ ਹਨ। ਉਸਦੇ ਕਹਾਣੀ ਸੰਗ੍ਰਹਿ 'ਕੰਪਿਊਟਰ ਕਲਚਰ'

ਦੀਆਂ ਜ਼ਿਆਦਾਤਰ ਕਹਾਣੀਆਂ ਦਾ ਸਰੋਕਾਰ ਇਹ ਹੀ ਹੈ। ਉਸ ਦੀਆਂ ਕਹਾਣੀਆਂ 'ਪੈੱਟ ਕਲਚਰ', 'ਪੌਟ ਲੱਕ', 'ਕੰਪਿਊਟਰ ਕਲਚਰ', 'ਦੋਗਲੇ', 'ਚੱਕ੍ਰਵਯੂਹ ਦੇ ਅੰਦਰ ਚੱਕ੍ਰਵਯੂਹ ਤੋਂ ਬਾਹਰ', 'ਦਸ ਵਰੇ ਲੰਮੀ ਨੀਂਦ', 'ਮਰਦ ਬਨਾਮ ਮਸ਼ੀਨ' ਆਦਿ ਕਹਾਣੀਆਂ ਨੂੰ ਇਸੇ ਕੋਣ ਤੋਂ ਨਿਹਾਰਿਆ ਜਾ ਸਕਦਾ ਹੈ।

'ਕੰਪਿਊਟਰ ਕਲਚਰ' ਇੱਕ ਅਜਿਹੀ ਕਹਾਣੀ ਹੈ ਜਿਸ ਵਿੱਚ ਬਦਲਦੇ ਸਮਾਜਿਕ ਪਰਿਪੇਖ ਦੇ ਨਾਲ-ਨਾਲ ਰਿਸ਼ਤਿਆਂ ਅਤੇ ਕਦਰਾਂ ਕੀਮਤਾਂ ਵਿਚਲੇ ਰੂਪਾਂਤਰਣ ਨੂੰ ਪੇਸ਼ ਕੀਤਾ ਗਿਆ ਹੈ। ਇਸਦਾ ਕਾਰਨ ਪੱਛਮੀ ਮੁਲਕਾਂ ਵਿੱਚ ਮਸ਼ੀਨ ਦੇ ਦੌਰ ਦਾ ਦਿਨੋ-ਦਿਨ ਵਧਣਾ ਹੈ। ਇਸ ਵਿੱਚ ਪਰਿਵਾਰ ਦੇ ਛੋਟੇ ਅਤੇ ਵੱਡੇ ਜੀਆਂ ਵਿੱਚ ਦੂਰੀਆਂ ਪੈਦਾ ਹੋ ਰਹੀਆਂ ਹਨ ਅਤੇ ਇਸ ਦੂਰੀ ਦਾ ਕਾਰਨ ਸਾਇੰਸ ਅਤੇ ਤਕਨਾਲੌਜੀ ਹੈ। ਇਸ ਕਹਾਣੀ ਵਿੱਚ ਰਵੀ ਨੇ ਮਸ਼ੀਨੀ ਦੌਰ ਵਿੱਚ ਗੁਆਚ ਚੁੱਕੇ ਮਾਨਵੀ ਰਿਸ਼ਤਿਆਂ ਦੇ ਪਛਾਣ-ਚਿਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਕਹਾਣੀ ਵਿੱਚ ਘਰ ਦੇ ਚਾਰ ਮੈਂਬਰ ਹਨ ਅਤੇ ਚਾਰਾਂ ਦੇ ਵੱਖ-ਵੱਖ ਰਾਹ ਹਨ। ਉਹਨਾਂ ਦਾ ਸੰਸਾਰ ਉਹਨਾਂ ਦੇ ਆਪਣੇ-ਆਪਣੇ ਕਮਰਿਆਂ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਘਰ ਵਿੱਚ ਮਾਂ-ਬਾਪ ਅਤੇ ਦੋ ਬੱਚੇ ਹਨ। ਬੱਚੇ ਸਿਰਫ ਖੁਦ ਤੱਕ ਸੀਮਿਤ ਹਨ। ਉਹ ਆਪਣੇ ਮਾਂ-ਬਾਪ ਤੋਂ ਸਿਰਫ਼ ਆਜ਼ਾਦੀ ਮੰਗਦੇ ਹਨ। ਉਹ ਆਜ਼ਾਦੀ ਜਿਸ ਵਿੱਚ ਕਿਸੇ ਰਿਸ਼ਤੇ ਕਿਸੇ ਆਪਣੇ ਲਈ ਕੋਈ ਥਾਂ ਨਹੀਂ ਹੈ। ਇਸ ਮਸ਼ੀਨੀਕਰਣ ਦੇ ਦੌਰ ਵਿੱਚ ਮਨੁੱਖ ਮਨੁੱਖਾਂ ਦੇ ਸੰਪਰਕ ਵਿੱਚ ਘੱਟ ਆਉਣਾ ਚਾਹੁੰਦਾ ਹੈ। ਇਹ ਵਿਨਾਸ਼ਕ ਪ੍ਰਭਾਵ ਤਕਨਾਲੌਜੀ ਦਾ ਪਿਆ ਹੈ। ਇਸ ਤਕਨਾਲੌਜੀ ਨੇ ਮਨੁੱਖੀ ਕੰਮਾਂ ਨੂੰ ਤਾਂ ਸੌਖਾ ਕਰ ਦਿੱਤਾ ਹੈ ਪਰ ਇੱਕ ਮਨੁੱਖ ਦੇ ਜੀਵਨ ਵਿੱਚ ਉਲਝਣਾਂ ਨੂੰ ਬਹੁਤ ਵਧਾ ਦਿੱਤਾ ਹੈ। ਤ੍ਰਾਸਦੀ ਇਹ ਨਹੀਂ ਕਿ ਇਸ ਮਾਰੂ ਪ੍ਰਭਾਵ ਦੀ ਜਕੜ ਵਿੱਚ ਮਨੁੱਖ ਆ ਗਿਆ ਹੈ ਬਲਕਿ ਤ੍ਰਾਸਦੀ ਤਾਂ ਇਹ ਹੈ ਕਿ ਮਨੁੱਖ ਇਸ ਦੇ ਬੁਰੇ ਪ੍ਰਭਾਵ ਤੋਂ ਸੁਚੇਤ ਨਹੀਂ ਹੋ ਰਿਹਾ। ਇਸ ਕਹਾਣੀ ਵਿੱਚ ਘਰ ਦੀ ਤ੍ਰਾਸਦੀ ਮੈਂ ਪਾਤਰ ਦੇ ਜ਼ਰੀਏ ਪਤਾ ਚਲਦੀ ਹੈ :

> ਘਰ ਵਿੱਚ ਚਾਰ ਜੀ ਸਾਂ ਅਸੀਂ। ਚਾਰੇ ਜਣੇ ਆਪੋ ਆਪਣੀ ਆਜ਼ਾਦੀ ਲੈ ਕੇ ਆਪੋ ਆਪਣੇ ਅੰਦਰ ਵੜ ਗਏ। ਕੱਲੇ ਕੱਲੇ ਕਮਰੇ ਵਿੱਚ ਵੰਡ ਹੋ ਗਏ। ਇੱਕੋ ਘਰ ਦੇ ਚਾਰ ਕਮਰੇ ਚਾਰ ਵੱਖਰੇ ਵੱਖਰੇ, ਉੱਚੀਆਂ ਦੀਵਾਰਾਂ ਤੇ ਰੌਸ਼ਨਦਾਨਾਂ ਤੇ ਖਿੜਕੀਆਂ ਤੋਂ ਵਾਂਝੇ ਬੰਦ ਗੁੰਬਦ-ਨੁਮਾ ਘਰ ਬਣ ਗਏ। ਇਸ ਗੁੰਬਦ ਅੰਦਰ ਬਾਹਰਲੀ ਆਵਾਜ਼ ਦਾ ਕੀ ਕੰਮ?[14]

ਇਨ੍ਹਾਂ ਸਤਰਾਂ ਤੋਂ ਮਾਨਵੀ ਜੀਵਨ ਵਿੱਚ ਸੱਖਣਾਪਨ ਸਾਫ ਦਿਖਾਈ ਦੇ ਰਿਹਾ ਹੈ। ਅੱਜ ਦੇ ਮਨੁੱਖ ਵਿੱਚ ਭਾਵਨਾ ਘੱਟ ਅਤੇ ਜੀਵਨ ਨੂੰ ਜੀਊਣ ਦੀ ਲਲਕ ਜ਼ਿਆਦਾ ਦਿਖਾਈ ਦਿੰਦੀ ਹੈ। ਇਹ ਮਸ਼ੀਨੀ ਜੀਵਨ ਉੱਤੇ ਵਿਅੰਗ ਕਰ ਰਹੀ ਕਹਾਣੀ ਹੈ। ਜਦੋਂ ਇੱਕ ਪਰਵਾਸੀ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰਦਾ ਹੈ ਅਤੇ ਉਹਨਾਂ ਦਾ ਪਾਲਨ ਪੋਸ਼ਨ ਕਰਦਾ ਹੈ ਤਾਂ ਉਹ ਆਪਣੇ ਮਨ ਵਿੱਚ

ਉਹਨਾਂ ਪ੍ਰਤੀ ਕੁਝ ਸੁਪਨੇ ਸੰਜੋਅ ਲੈਂਦਾ ਹੈ ਪਰ ਜਦੋਂ ਔਲਾਦ ਉਹਨਾਂ ਸੁਪਨਿਆਂ ਤੇ ਖਰੀ ਨਹੀਂ ਉਤਰਦੀ ਤਾਂ ਉਹਨਾਂ ਨੂੰ ਇਹ ਦੁਖਾਂਤ ਵੀ ਜਰਨਾ ਪੈਂਦਾ ਹੈ। 'ਸ਼ਾਦੀ ਵਲ ਜਾਂਦੀ ਸੜਕ' ਇਸ ਦੀ ਚੰਗੀ ਉਦਾਹਰਨ ਹੈ। ਇਸ ਕਹਾਣੀ ਵਿੱਚ ਇੱਕ ਅਜਿਹੇ ਪਾਤਰ ਦੀ ਗੱਲ ਕੀਤੀ ਗਈ ਹੈ ਜਿਸਦੀ ਬੇਟੀ ਵਿਆਹ ਤੋਂ ਪਹਿਲਾਂ ਗਰਭਵਤੀ ਹੋ ਜਾਂਦੀ ਹੈ। ਸਾਮੰਤਵਾਦੀ ਸੋਚ ਦਾ ਹੋਣ ਕਾਰਨ ਬਾਪ ਇਹ ਬਰਦਾਸ਼ਤ ਨਹੀਂ ਕਰ ਪਾਉਂਦਾ ਪਰ ਉਸਦੀ ਬੇਟੀ ਸੋਹਣੀ ਜੋ ਕਿ ਪੱਛਮੀ ਸਭਿਆਚਾਰ ਵਿੱਚ ਜੰਮੀ ਅਤੇ ਪਲੀ ਹੈ ਉਸ ਲਈ ਇਹ ਕੋਈ ਵੱਡੀ ਗੱਲ ਨਹੀਂ ਕਿਉਂਕਿ ਉਹ ਵਿਗਿਆਨ ਦੇ ਦੌਰ ਵਿੱਚ ਜੀ ਰਹੀ ਹੈ। ਪੱਛਮੀ ਸਭਿਆਚਾਰ ਲਈ ਇਹ ਆਮ ਗੱਲ ਹੈ। ਭਾਰਤੀ ਪਰਿਵਾਰ ਲਈ ਇਹ ਸਥਿਤੀ ਤ੍ਰਾਸਦੀ ਦਾ ਕਾਰਨ ਬਣਦੀ ਹੈ। ਪਰ ਸੋਹਣੀ ਦਾ ਬੁਆਏ ਫਰੈਂਡ ਗੋਰਾ ਆਪਣੇ ਪਿਓ ਨੂੰ ਕਹਿੰਦਾ ਹੈ :

> ਡੈਡੀ, ਮੈਂ ਵੀ ਫਰਟਿਲਿਟੀ ਟੈਸਟ (Fertility Test) ਕਰ ਲਿਆ ਹੈ। ਤੁਹਾਡੀ ਹੋਣ ਵਾਲੀ ਨੂੰਹ, ਸੋਹਣੀ, ਗਰਭਵਤੀ ਹੈ।[15]

ਕਹਾਣੀਕਾਰ ਨੇ ਔਰਤ ਮਰਦ ਸੰਬੰਧਾਂ ਨੂੰ ਆਰਥਿਕ, ਸਮਾਜਿਕ ਅਤੇ ਜੈਵਿਕ ਪ੍ਰਸੰਗਾਂ ਵਿੱਚ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ। ਪੱਛਮੀ ਸਭਿਅਤਾ ਨੇ ਜਦੋਂ ਮਸ਼ੀਨ ਦੀ ਕਾਢ ਕੱਢੀ ਹੋਵੇਗੀ ਤਾਂ ਇਸ ਮਕਸਦ ਨਾਲ ਕੱਢੀ ਹੋਵੇਗੀ ਕਿ ਉਹ ਨਾ ਕੀਤੇ ਜਾਣ ਵਾਲੇ ਕੰਮਾਂ ਨੂੰ ਮਸ਼ੀਨਾਂ ਰਾਹੀਂ ਕਰ ਲੈਣਗੇ ਪਰ ਹੌਲੀ-ਹੌਲੀ ਸਮਾਂ ਪਾ ਕੇ ਮਸ਼ੀਨ ਹੀ ਮਨੁੱਖ ਤੇ ਇਤਨੀ ਜ਼ਿਆਦਾ ਹਾਵੀ ਹੋ ਗਈ ਕਿ ਮਨੁੱਖ ਆਸ਼ਰਿਤ ਹੀ ਮਸ਼ੀਨ ਤੇ ਹੋ ਗਿਆ। ਉਸਨੇ ਆਪਣਾ ਹਰ ਕੰਮ ਸਰੀਰਿਕ ਹੋਵੇ ਜਾਂ ਮਾਨਸਿਕ ਮਸ਼ੀਨ ਤੋਂ ਲੈਣਾ ਸ਼ੁਰੂ ਕਰ ਦਿੱਤਾ। ਪਰ ਹੌਲੀ-ਹੌਲੀ ਹਾਲਾਤ ਇਸ ਕਦਰ ਵਿਗੜੇ ਕਿ ਮਨੁੱਖ ਪ੍ਰਕ੍ਰਿਤਕ ਦੀ ਥਾਂ ਅਪ੍ਰਕ੍ਰਿਤਕ ਹੋ ਗਿਆ। ਉਹ ਮਨੁੱਖ ਦਾ ਬਦਲ ਭਾਲਣ ਲੱਗਾ ਨਤੀਜਾ ਉਸਨੇ ਮਨੁੱਖ ਨੂੰ ਅਸਲੋਂ ਹੀ ਨਕਾਰਨਾ ਸ਼ੁਰੂ ਕਰ ਦਿੱਤਾ। ਉਹ ਆਪਣੀਆਂ ਪ੍ਰਕ੍ਰਿਤਕ ਸਰੀਰਿਕ ਲੋੜਾਂ ਵੀ ਮਸ਼ੀਨ ਨਾਲ ਪੂਰੀਆਂ ਕਰਨ ਲੱਗਾ। ਇਸ ਸਭ ਕੁਝ ਨੂੰ ਰਵਿੰਦਰ ਰਵੀ ਨੇ ਆਪਣੀਆਂ ਕਹਾਣੀਆਂ ਵਿੱਚ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ। ਸਰੀਰਿਕ ਪੱਖੋਂ ਸੰਤੁਸ਼ਟਤਾ ਭਾਲਣ ਲਈ ਪੱਛਮੀ ਸਮਾਜ ਵਿਚਲੀਆਂ ਔਰਤਾਂ ਨੂੰ ਕਈ ਵਾਰ ਮਰਦ ਅਧੂਰੇ ਲੱਗਦੇ ਹਨ ਅਤੇ ਉਹ ਬਨਾਉਟੀ ਅੰਗਾਂ ਦਾ ਸਹਾਰਾ ਭਾਲਦੀਆਂ ਹਨ। 'ਮਰਦ ਬਨਾਮ ਮਸ਼ੀਨ' ਕਹਾਣੀ ਇਸ ਪੱਖ ਤੋਂ ਦੇਖੀ ਜਾ ਸਕਦੀ ਹੈ। ਇਸ ਕਹਾਣੀ ਦੀ ਨਾਇਕਾ 'ਏਂਜਲ' ਕਿਸੇ ਮਰਦ ਨਾਲ ਬੋਲਦੀ ਨਹੀਂ, ਸਿਰਫ ਖੁਦ ਤੱਕ ਸੀਮਿਤ ਹੈ। ਕਹਾਣੀ ਦੇ ਸ਼ੁਰੂ ਵਿੱਚ ਇਸ ਸਭ ਦਾ ਅਰਥ ਪਾਠਕ ਸ਼ਾਇਦ ਇਹ ਸਮਝਦਾ ਹੈ ਕਿ ਕਹਾਣੀਕਾਰ ਨੇ ਉਸਨੂੰ ਇੱਕ ਚੁੱਪ ਸ਼ਾਂਤ ਔਰਤ ਦੇ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਪਾਠਕ ਵੀ ਇਹ ਜਾਣਨ ਲਈ ਉਤਸੁਕ ਰਹਿੰਦਾ ਹੈ ਕਿ ਆਖਿਰ ਇਸ ਸਭ ਦੇ ਪਿੱਛੇ ਕਾਰਨ ਕੀ ਹੈ? ਉਸਦਾ ਸੁਭਾਅ ਇਸ ਤਰ੍ਹਾਂ ਕਿਉਂ ਹੈ? ਪਰ ਅੰਤ ਤੇ ਕਹਾਣੀ

ਦਾ ਰਾਜ਼ ਖੁੱਲ੍ਹਦਾ ਹੈ ਜਦੋਂ ਮੈਂ ਪਾਤਰ ਨਾਇਕਾ ਦੇ ਘਰ ਜਾਂਦਾ ਹੈ ਅਤੇ ਉਸ ਨੂੰ ਨਵੇਂ ਰੂਪ ਵਿੱਚ ਵੇਖਦਾ ਹੈ। ਉਹ ਮਰਦ ਨਾਲ ਸੰਬੰਧ ਨਾ ਬਣਾ ਕੇ ਵਿਗਿਆਨ ਦੇ ਦੌਰ ਵਿੱਚ ਮਸ਼ੀਨਾਂ ਨਾਲ ਜੁੜਨਾ ਜ਼ਿਆਦਾ ਲਾਹੇਵੰਦ ਸਮਝਦੀ ਹੈ। ਉਹ ਆਪਣੀਆਂ ਸਰੀਰਿਕ ਲੋੜਾਂ ਦੀ ਪੂਰਤੀ ਲਈ ਬਿਜਲਈ ਯੰਤਰ (Electronic Vibrator) ਦਾ ਸਹਾਰਾ ਲੈਂਦੀ ਹੈ। ਇਸ ਕਹਾਣੀ ਦਾ ਸੰਬੰਧ ਅਤਿ ਵਿਕਸਿਤ ਪੱਛਮੀ ਸਭਿਆਚਾਰ ਵਿੱਚ ਪੂੰਜੀਵਾਦੀ ਵਰਤਾਰਿਆਂ ਨਾਲ ਹੈ। ਇਸ ਪੂੰਜੀ ਰਾਹੀਂ ਮਨੁੱਖ ਦੀਆਂ ਜ਼ਰੂਰਤਾਂ ਅਤੇ ਮਿਆਰ ਨਿਸ਼ਚਿਤ ਹੁੰਦੇ ਦਿਖਾਏ ਹਨ। ਮਨੁੱਖ ਹੌਲੀ-ਹੌਲੀ ਮਸ਼ੀਨ ਵਿੱਚ ਬਦਲਦਾ ਜਾ ਰਿਹਾ ਹੈ। ਮਸ਼ੀਨੀ ਜ਼ਿੰਦਗੀ ਜਿਊਂਦਾ ਮਨੁੱਖ ਮਾਨਵੀ ਰਿਸ਼ਤਿਆਂ ਨੂੰ ਵੀ ਯਾਂਤਰਿਕ ਬਣਾ ਦਿੰਦਾ ਹੈ। ਸਿੱਟੇ ਵੱਜੋਂ ਔਰਤਾਂ ਅਤੇ ਮਰਦ ਗੈਰ ਕੁਦਰਤੀ ਰੂਪ ਵਿੱਚ ਆਪਣੀਆਂ ਸਰੀਰਿਕ ਲੋੜਾਂ ਪੂਰੀਆਂ ਕਰਦੇ ਹਨ।

ਇਸ ਕਹਾਣੀ ਰਾਹੀਂ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਜੇਕਰ ਇਸ ਤਰ੍ਹਾਂ ਮਰਦ ਦੀ ਲੋੜ ਮਸ਼ੀਨਾਂ ਪੂਰੀਆਂ ਕਰਦੀਆਂ ਰਹੀਆਂ ਤਾਂ ਸਾਡਾ ਸਮਾਜ ਇੱਕ ਦਿਨ ਖਤਮ ਹੋ ਜਾਵੇਗਾ। ਅੱਜ ਦੇ ਮਨੁੱਖ ਨੇ ਇਨਸਾਨ ਦਾ ਬਦਲ ਲੱਭ ਲਿਆ ਹੈ ਅਤੇ ਇਸ ਨੇ ਆਪਣੀਆਂ ਸਾਂਝਾ ਇਨ੍ਹਾਂ ਮਸ਼ੀਨੀਕ੍ਰਿਤ ਜੁਗਤਾਂ ਨਾਲ ਸਥਾਪਤ ਕਰ ਲਈਆਂ ਹਨ। ਪਰ ਮਨੁੱਖ ਇਹ ਭੁੱਲ ਗਿਆ ਹੈ ਕਿ ਮਨੁੱਖ ਦਾ ਮਨੁੱਖ ਨਾਲ ਸਪਰਸ਼ ਹੀ ਉਸ ਵਿੱਚ ਧੜਕਨ ਪੈਦਾ ਕਰ ਸਕਦਾ ਹੈ। ਇਹ ਕਹਾਣੀ ਮਸ਼ੀਨੀ ਯੁੱਗ ਵਿੱਚ ਰਿਸ਼ਤਿਆਂ ਦੇ ਵਿਘਟਨ ਦੀ ਗੱਲ ਕਰਦੀ ਹੈ।

'ਪੌਟ ਲੱਕ' ਅਤੇ 'ਇਸ਼ਵਰੀ ਰਿਸ਼ਤੇ' ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਵਿੱਚਲੀਆਂ ਔਰਤਾਂ ਇੱਕ ਤੋਂ ਵੱਧ ਰਿਸ਼ਤੇ ਸਥਾਪਤ ਕਰਦੀਆਂ ਹਨ, ਚਾਹੇ ਉਹਨਾਂ ਦੋਨਾਂ ਪਾਤਰਾਂ ਦੇ ਰਿਸ਼ਤੇ ਸਥਾਪਤ ਕਰਨ ਦੇ ਕਾਰਨ ਵੱਖ-ਵੱਖ ਹਨ। 'ਪੌਟ ਲੱਕ' ਕਹਾਣੀ ਦੀ ਪਾਤਰ ਅਜਿਹੀ ਹੈ ਜਿਸਦੀ ਕਿਸੇ ਮਰਦ ਨਾਲ ਨਹੀਂ ਨਿਭੀ। ਅੱਜ ਦੇ ਸਮੇਂ ਵਿੱਚ ਮਨੁੱਖ ਕੋਲ ਦੂਜੇ ਮਨੁੱਖ ਨੂੰ ਸਮਝਣ ਲਈ ਸਮਾਂ ਨਹੀਂ ਹੈ। ਥੋੜੇ ਸਮੇਂ ਵਿੱਚ ਹੀ ਉਹ ਬਿਨਾਂ ਸਮਾਂ ਵਿਅਰਥ ਕੀਤੇ ਜ਼ਿਆਦਾ ਜ਼ਿੰਦਗੀ ਜਿਊਣ ਵਿੱਚ ਵਿਸ਼ਵਾਸ ਰੱਖਦਾ ਹੈ ਅਤੇ ਨਤੀਜਾ ਝਗੜਾ, ਤਨਾਓ, ਅਤੇ ਤਲਾਕ ਬਣਦਾ ਹੈ। ਪੱਛਮੀ ਸਮਾਜ ਵੰਨ-ਸੁਵੰਨਤਾ ਦਾ ਧਾਰਨੀ ਹੈ ਇਸੇ ਕਰਕੇ ਉਹ ਇੱਕ ਦੂਜੇ ਨਾਲ ਜੁੜੇ ਨਹੀਂ ਰਹਿਣਾ ਚਾਹੁੰਦੇ। ਕਹਾਣੀ ਦੀ ਨਾਇਕਾ ਦੀ ਮਾਨਸਿਕਤਾ ਇਸ ਸਭ ਦੀ ਪ੍ਰਤਿਨਿਧਤਾ ਕਰਦੀ ਹੈ :

> ਹੁਣ ਉਸ ਨੇ ਪੱਕੇ ਸੰਬੰਧਾਂ ਤੇ ਵਿਆਹ ਦੀ ਇੱਛਾ ਤਿਆਗ ਦਿੱਤੀ ਸੀ, ਪਰ ਮਰਦਾਂ ਵਿੱਚ ਉਸ ਦੀ ਦਿਲਚਸਪੀ ਘਟੀ ਨਹੀਂ, ਸਗੋਂ ਵਧੀ ਸੀ। ਰੋਜ਼ ਨਵਾਂ ਮਰਦ, ਰੋਜ਼ ਨਵੀਂ ਸਵੇਰ। ਰੋਜ਼ ਨਵਾਂ ਸੰਗ, ਰੋਜ਼ ਨਵਾਂ ਮੌਸਮ। ਰੋਜ਼ ਨਵਾਂ ਰੰਗ, ਰੋਜ਼ ਨਵਾਂ ਢੰਗ ਤੇ ਉਹ ਹਰ ਮੌਸਮ, ਹਰ ਸਮੇਂ, ਹਰ ਥਾਂ, ਇਸ ਸਭ ਕੁਝ ਦੇ ਅੰਗ ਸੰਗ।[16]

'ਇਸ਼ਵਰੀ ਰਿਸ਼ਤੇ' ਕਹਾਣੀ ਵੀ ਪਦਾਰਥਕ ਰਿਸ਼ਤਿਆਂ ਦੀ ਬਾਤ ਪਾਉਂਦੀ ਹੈ। ਬੇਸ਼ਕ ਇਹ ਕਹਾਣੀ ਮਾਂ ਅਤੇ ਪੁੱਤਰ ਦੀ ਕਹਾਣੀ ਹੈ। ਔਰਤ ਦੀ ਤ੍ਰਿਪਤੀ ਕਾਮੁਕਤਾ ਨਾਲ ਨਹੀਂ ਹੁੰਦੀ ਬਲਕਿ ਮਮਤਾ ਨਾਲ ਹੁੰਦੀ ਹੈ। ਪਰ ਇੱਕ ਗੱਲ ਹੋਰ ਵੀ ਹੈ ਕਿ ਪਦਾਰਥਵਾਦੀ ਰਿਸ਼ਤਿਆਂ ਦੀ ਬਾਤ ਪਾਉਂਦੀ ਹੋਣ ਕਰਕੇ ਇਸ ਕਹਾਣੀ ਵਿੱਚ ਰਿਸ਼ਤੇ ਬਹੁਤ ਜਲਦੀ ਬਣਦੇ ਵੀ ਹਨ ਅਤੇ ਬਹੁਤ ਜਲਦੀ ਟੁੱਟਦੇ ਵੀ ਹਨ। ਇਹ ਰਿਸ਼ਤੇ ਹੰਢਣਸਾਰ ਨਹੀਂ ਹਨ। ਕਹਾਣੀ ਦੀ ਨਾਇਕਾ ਪਹਿਲਾਂ ਤਾਂ ਆਰਥਿਕ ਮਜ਼ਬੂਰੀ ਕਾਰਨ ਅਤੇ ਫਿਰ ਆਪਣੇ ਧੋਖੇਬਾਜ਼ ਪਤੀ ਕਾਰਨ ਓਪਰੇ ਸੰਬੰਧ ਸਥਾਪਤ ਕਰਦੀ ਹੈ। ਉਹ ਆਪਣੇ ਪਤੀ ਅਤੇ ਮੈਂ ਪਾਤਰ ਦੋਹਾਂ ਨਾਲ ਸਾਂਝ ਰੱਖਦੀ ਹੈ। ਪਤੀ ਨਾਲ ਉਸਦੀ ਦੁਨਿਆਵੀ ਸਾਂਝ ਹੈ ਅਤੇ ਮੈਂ ਪਾਤਰ ਨਾਲ ਮਾਨਸਿਕ। ਇਸ ਤਰ੍ਹਾਂ ਕਹਾਣੀਕਾਰ ਨੇ ਪੱਛਮੀ ਮਨੁੱਖ ਦੇ ਵੰਨ-ਸੁਵੰਨੇ ਰਿਸ਼ਤਿਆਂ ਦੀ ਝਲਕ ਨੂੰ ਉਭਾਰਿਆ ਹੈ। ਇੱਕੋ ਜੈਕੀ ਕਹਾਣੀ ਦੀ ਨਾਇਕਾ 'ਮੈਂ' ਪਾਤਰ ਨੂੰ ਸੰਬੋਧਿਤ ਹੋ ਕੇ ਕਹਿੰਦੀ ਹੈ :

> ਕੁਝ ਰਿਸ਼ਤੇ ਦੁਨਿਆਵੀ ਹੁੰਦੇ ਹਨ ਉਮਰ ਭਰ ਦੇ ਸਾਥ ਦੇ, ਜਿਵੇਂ ਮੇਰਾ ਤੇ ਡੇਵਿਡ ਦਾ ਰਿਸ਼ਤਾ ਹੈ। ਕੁਝ ਰਿਸ਼ਤੇ ਇਨਸਾਨੀ ਜਿਸਮ ਵਿੱਚ ਹੀ ਇੱਕ ਰਾਤ ਬਣ ਕੇ ਮਨ, ਦਿਲ, ਦਿਮਾਗ ਅਤੇ ਸਗਲੇ ਵਜੂਦ ਉੱਤੇ ਇਸ ਤਰ੍ਹਾਂ ਘਟਦੇ, ਵਾਪਰਦੇ ਹਨ ਕਿ ਉਹ ਈਸ਼ਵਰੀ ਰਿਸ਼ਤੇ ਬਣ ਜਾਂਦੇ ਹਨ।[17]

ਇੱਥੇ ਰਵੀ ਨੇ ਇੱਕ ਮਨੁੱਖ ਦੀ ਪੈਦਾ ਹੋਈ ਦੋਹਰੀ ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਡਾ. ਜੁਗਿੰਦਰ ਸਿੰਘ ਨਹਿਰੂ ਪਦਾਰਥਕ-ਰਿਸ਼ਤਿਆਂ ਬਾਰੇ ਆਪਣੇ ਵਿਚਾਰ ਦੱਸਦਾ ਕਹਿੰਦਾ ਹੈ ਕਿ:

> "ਪੱਛਮੀ ਸਭਿਆਚਾਰ ਵਿੱਚ ਪਰਿਵਾਰਿਕ ਸੰਸਥਾ ਅੱਧੀਉ ਘੱਟ ਰਹਿ ਗਈ ਹੈ, ਜਿਸ ਦਾ ਕਾਰਨ ਉਥੋਂ ਦੀ ਖੁੱਲੀ ਸੁਸਾਇਟੀ ਵਿੱਚ ਔਰਤ ਮਰਦ ਆਪਣੀ ਜਿਣਸੀ ਭੁੱਖ ਨੂੰ ਬਿਨਾਂ ਪਰਿਵਾਰ ਬਣਾਉਣ ਦੇ ਘੇਰੇ ਤੋਂ ਮੁਕਤ ਕਰਕੇ ਸਹਿਜੇ ਹੀ ਪੂਰਾ ਕਰ ਲੈਂਦੇ ਹਨ। ਪਰਿਵਾਰ ਵਿਹੂਣੇ ਇਹ ਰਿਸ਼ਤੇ ਸਥਾਈ ਤੇ ਹੰਢਣਸਾਰ ਨ ਹੋਣ ਕਰਕੇ, ਔਰਤ ਮਰਦ ਆਪਣੇ ਜੀਵਨ ਵਿੱਚ ਇਸ ਤਰ੍ਹਾਂ ਦੇ ਬੰਧਨ ਮੁਕਤ ਰਿਸ਼ਤੇ ਕਈ ਵਾਰ ਬਣਾਉਂਦੇ ਹਨ ਅਤੇ ਕਈ ਵਾਰ ਢਾਹੁੰਦੇ ਹਨ। ਅਜਿਹੀ ਪ੍ਰਕਿਰਿਆ ਵਿੱਚੋਂ ਲੰਘਦੇ ਆਏ ਇਹ ਔਰਤ ਮਰਦ ਜਦੋਂ ਹੰਭ-ਹਾਰ ਕੇ ਕਿਸੇ ਰਿਸ਼ਤੇ ਵਿੱਚ ਬੱਝਦੇ ਹਨ ਤਾਂ ਦੋਵੇਂ ਧਿਰਾਂ ਹੀ ਔਰਤ ਤੇ ਮਰਦ, ਆਪਣੀ ਅਤੀਤ ਜ਼ਿੰਦਗੀ ਵਿੱਚੋਂ ਉਸਾਰੀ ਮਾਨਸਿਕਤਾ ਤੇ ਸੋਚ-ਵਿਚਾਰ ਨੂੰ ਸੰਤੁਲਿਤ ਰੱਖਣ ਵਿੱਚ ਬਹੁਤੀ ਵਾਰ ਕਾਮਯਾਬ ਨਹੀਂ ਹੁੰਦੇ।[18]

'ਦੋਗਲੇ' ਕਹਾਣੀ ਵੀ 'ਸ਼ਾਦੀ ਵਲ ਜਾਂਦੀ ਸੜਕ' ਦੀ ਪੂਰਕ ਹੈ। ਇਸ ਕਹਾਣੀ ਵਿੱਚ ਇੱਕ ਅਜਿਹੇ ਪਾਤਰ ਦੀ ਗੱਲ ਕੀਤੀ ਹੈ ਜਿਸਦੀ ਬੇਟੀ ਗੋਰੇ ਨਾਲ ਪਿਆਰ ਕਰਦੀ ਹੈ ਅਤੇ ਕੁਆਰੀ ਗਰਭਵਤੀ ਹੋ ਜਾਂਦੀ ਹੈ। ਉਸਦਾ ਪਿਤਾ ਸਾਮੰਤੀ ਸੋਚ ਦਾ ਹੋਣ ਕਾਰਨ ਇਹ ਸਭ ਸਹਾਰ ਨਹੀਂ ਪਾਉਂਦਾ ਅਤੇ ਆਪਣੀ ਧੀ ਨੂੰ ਗਰਭਪਾਤ ਕਰਨ ਲਈ ਕਹਿੰਦਾ ਹੈ ਪਰ ਗੋਰਾ ਪ੍ਰੇਮੀ ਉਸ ਨੂੰ ਇਹ ਸਭ ਕਰਨ ਤੋਂ ਵਰਜਦਾ ਹੈ ਇੱਥੇ ਆ ਕੇ ਸਾਮੰਤੀ ਸੋਚ ਅਤੇ ਪੂੰਜੀਵਾਦੀ ਸੋਚ ਦਾ ਟਕਰਾਅ ਹੁੰਦਾ ਹੈ ਅਤੇ ਕਹਾਣੀ ਦੇ ਅੰਤ ਵਿੱਚ ਕਹਾਣੀਕਾਰ ਸਾਮੰਤੀ ਸੋਚ ਦੇ ਗੱਜਣ ਸਿੰਘ ਨੂੰ ਪੂੰਜੀਵਾਦੀ ਅਰਥਚਾਰੇ ਵਿੱਚ ਰੰਗਿਆ ਦਿਖਾਉਂਦਾ ਹੈ :

> ਗੱਜਣ ਸਿੰਘ ਨੇ ਆਪਣੀ ਬੱਗੀ ਦਾੜ੍ਹੀ ਮੁੰਨ ਕੇ ਰੋਜ਼ ਸ਼ੇਵ ਕਰਨੀ ਸ਼ੁਰੂ ਕਰ ਦਿੱਤੀ। ਸਿਰ ਦੇ ਵਾਲਾਂ ਨੂੰ ਸੁਨਹਿਰੀ ਰੰਗ ਕਰਵਾ ਲਿਆ ਤੇ ਇਹ ਹੀ ਰੰਗ ਲਾਉਣਾ ਸ਼ੁਰੂ ਕਰ ਦਿੱਤਾ। ਗੋਰਿਆਂ ਵਿੱਚ ਬੈਠਾ ਉਹ ਬਿਲਕੁਲ ਗੋਰਾ ਜਾਪਦਾ ਸੀ।[19]

ਇੱਥੇ ਗੱਜਣ ਸਿੰਘ ਦਾ ਗੋਰਾ ਜਾਪਣ ਤੋਂ ਭਾਵ ਉਸਦਾ ਪੂੰਜੀਵਾਦੀ ਸੋਚ ਅਨੁਸਾਰ ਢੱਲਣ ਤੋਂ ਲਿਆ ਗਿਆ ਹੈ। ਇੱਕ ਭਾਰਤੀ/ਪੰਜਾਬੀ ਜਦੋਂ ਵਿਦੇਸ਼ਾਂ ਵੱਲ ਨੂੰ ਰੁੱਖ ਕਰਦਾ ਹੈ ਤਾਂ ਉਸ ਦਾ ਮਕਸਦ ਸਿਰਫ ਧਨ ਕਮਾਉਣਾ ਹੁੰਦਾ ਹੈ ਪਰ ਇੱਥੇ ਆ ਕੇ ਧਨ ਕਮਾਉਣ ਦੇ ਚੱਕਰ ਵਿੱਚ ਉਹ ਕਈ ਵਾਰ ਅਜਿਹੇ ਗ਼ਲਤ ਰਸਤੇ ਅਖ਼ਤਿਆਰ ਕਰ ਲੈਂਦਾ ਹੈ ਕਿ ਆਪਣੀ ਪਹਿਚਾਣ ਹੀ ਗੁਆ ਬੈਠਦਾ ਹੈ। 'ਚੱਕ੍ਰਵਯੂਹ ਦੇ ਅੰਦਰ ਚੱਕ੍ਰਵਯੂਹ ਤੋਂ ਬਾਹਰ' ਇੱਕ ਅਜਿਹੀ ਕਹਾਣੀ ਹੈ ਜਿਹੜੀ ਵਿਦੇਸ਼ਾਂ ਵਿੱਚ ਆ ਕੇ ਭਾਰਤੀਆਂ ਵੱਲੋਂ ਜ਼ਿਆਦਾ ਧਨ ਕਮਾਉਣ ਲਈ ਕੀਤੇ ਜਾਂਦੇ ਗਲਤ ਧੰਦਿਆਂ ਦੀ ਗੱਲ ਕਰਦੀ ਹੈ। ਇਸ ਪੂੰਜੀਵਾਦੀ ਸਮਾਜ ਵਿੱਚ ਪਹੁੰਚਿਆਂ ਮਨੁੱਖ ਜ਼ਿਆਦਾ ਤੋਂ ਜ਼ਿਆਦਾ ਧਨ ਕਮਾਉਣ ਲਈ ਹਰ ਢੰਗ/ਤਰੀਕਾ ਵਰਤਦਾ ਹੈ ਅਤੇ ਇਹੀ ਢੰਗ ਉਹਨਾਂ ਲਈ ਕਈ ਵਾਰ ਮਹਿੰਗਾ ਵੀ ਸਾਬਤ ਹੁੰਦਾ ਹੈ। ਇਹ ਸਭ ਕੁਝ ਇਸ ਕਹਾਣੀ ਵਿੱਚ ਬਿਆਨ ਹੁੰਦਾ ਹੈ।

'ਭੂਤਨਗਰ' ਕਹਾਣੀ ਇੱਕ ਅਜਿਹੀ ਕਹਾਣੀ ਹੈ ਜਿਸ ਵਿੱਚ ਕਹਾਣੀਕਾਰ ਨੇ ਭੂਤਨਗਰ ਸ਼ਬਦ ਪੱਛਮੀ ਸਮਾਜ ਵਿੱਚ ਸਭ ਕੁਝ ਹੋਣ ਦੇ ਬਾਵਜੂਦ ਫਿਰ ਵੀ ਕੁਝ ਨਾ ਹੋਣ ਦੇ ਪ੍ਰਤੀਕ ਵਜੋਂ ਲਿਆ ਹੈ। ਭੂਤਨਗਰ ਉਸ ਸਥਾਨ ਨੂੰ ਕਿਹਾ ਜਾਂਦਾ ਹੈ ਜਿੱਥੇ ਸੁੰਨਸਾਨ ਅਤੇ ਸ਼ਾਂਤੀ ਪਸਰੀ ਹੋਈ ਹੋਵੇ। ਇਸ ਕਹਾਣੀ ਵਿੱਚ ਇਸੇ ਦੌਰ ਵਿੱਚੋਂ ਲੰਘ ਰਹੇ ਮਨੁੱਖ ਦੀ ਗੱਲ ਕੀਤੀ ਹੈ ਜਿਸ ਕੋਲ ਸਭ ਸਹੂਲਤਾਂ ਹਨ ਪਰ ਉਹ ਸਹੂਲਤਾਂ ਉਸਨੂੰ ਚੈਨ ਨਹੀਂ ਦਿੰਦੀਆਂ। ਉਸ ਨੂੰ ਇਨ੍ਹਾਂ ਦੇ ਖੁੰਝ ਜਾਣ ਦਾ ਖਦਸ਼ਾ ਰਹਿੰਦਾ ਹੈ, ਪਰ ਜਦੋਂ ਉਹ ਇਸ ਸਭ ਦੀ ਸੱਚਾਈ ਜਾਣਦਾ ਹੈ ਤਾਂ ਉਹ ਸਥਾਈ ਜੀਵਨ ਦੀ ਭਾਲ ਵਿੱਚ ਤੁਰ ਪੈਂਦਾ ਹੈ। ਜਦੋਂ ਮੈਂ ਪਾਤਰ ਦੀ ਮੁਲਾਕਾਤ ਜੀਨ ਨਾਲ ਉਸਦੇ ਸਕੂਲ ਵਿੱਚ ਸਫ਼ਾਈ ਕਰਦਿਆਂ ਹੁੰਦੀ ਹੈ ਤਾਂ ਸੂਜ਼ੀ ਦੀ ਬੇਰੁਖੀ ਤੋਂ ਤੰਗ ਆ ਕੇ ਮੈਂ ਪਾਤਰ ਦੇ ਪੁੱਛਣ ਤੇ ਉਹ ਕਹਿੰਦਾ ਹੈ :

ਚੰਗਾ ਹੀ ਹੋਇਆ ਕਿ ਕੈਂਪ ਬੰਦ ਹੋਇਆ ਤੇ ਮੇਰੀਆਂ ਅੱਖਾਂ ਖੁੱਲ੍ਹੀਆਂ। ਕੈਂਪ ਤਾਂ ਆਰਜੀ ਟਿਕਾਣੇ ਹੁੰਦੇ ਹਨ। ਇਨ੍ਹਾਂ ਨਾਲ ਪੱਕੇ ਰਿਸ਼ਤੇ ਜੁੜ ਹੀ ਨਹੀਂ ਸਕਦੇ...... ਤੇ ਇਹ ਕੁੜੀਆਂ....... ਬਾਰ ਬਲਾਵਾ........ ਮੁਸਕਰਾਣਾ ਤਾਂ ਇਨ੍ਹਾਂ ਦਾ ਪੇਸ਼ਾ ਹੈ......[20]

ਪਰ ਜਿਹੜੀ ਗੱਲ ਬਾਰ-ਬਾਰ ਰਵੀ ਦੀਆਂ ਕਹਾਣੀਆਂ ਵਿੱਚ ਉਭਰਦੀ ਹੈ ਉਹ ਇਹ ਹੈ ਕਿ ਉਸਦੇ ਪੱਛਮੀ ਪਾਤਰ ਵਿਆਹ ਬੰਧਨ ਵਿੱਚ ਬਹੁਤ ਘੱਟ ਬੱਝਦੇ ਹਨ ਅਤੇ ਬਿਨਾਂ ਵਿਆਹ ਤੋਂ ਹੀ ਸੰਬੰਧ ਰੱਖਦੇ ਅਤੇ ਬੱਚੇ ਪੈਦਾ ਕਰਦੇ ਹਨ। ਸ਼ਾਇਦ ਇਸਦਾ ਕਾਰਨ ਪੱਛਮੀ ਮੁਲਕ ਵਿੱਚ ਰਹਿੰਦਿਆਂ ਰਵਿੰਦਰ ਰਵੀ ਦਾ ਉਹਨਾਂ ਦੀ ਸੋਚ ਅਤੇ ਰਹਿਣੀ ਬਹਿਣੀ ਨੂੰ ਭਾਰਤੀ ਦ੍ਰਿਸ਼ਟੀ ਤੋਂ ਪਰਖਣਾ ਹੈ। 'ਭੂਤਨਗਰ' ਕਹਾਣੀ ਦੇ ਅੰਤ ਵਿੱਚ ਮੈਂ ਪਾਤਰ ਦੇ ਪੁੱਛਣ ਤੇ ਪੱਛਮੀ ਸੋਚ ਦਾ ਧਾਰਨੀ ਪਾਤਰ ਜੀਨ ਕਹਿੰਦਾ ਹੈ ਕਿ :

ਮੈਂ ਪੁੱਛਿਆ,

"ਸ਼ਾਦੀ ਕਦੋਂ ਕੀਤੀ?"

"ਉਸ ਦੀ ਲੋੜ ਹੀ ਨਹੀਂ ਸਮਝੀ। ਸ਼ਾਦੀਆਂ ਤੇ ਕਸਮਾਂ ਦਾ ਆਸਰਾ ਕਮਜ਼ੋਰ ਲੋਕ ਲੈਂਦੇ ਹਨ। ਰਿਸ਼ਤਿਆਂ ਦੀ ਬੁਨਿਆਦ ਤਾਂ ਭਰੋਸਾ ਹੁੰਦੀ ਹੈ।"[21]

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਰਵਿੰਦਰ ਰਵੀ ਅਜਿਹਾ ਕਹਾਣੀਕਾਰ ਹੈ ਜਿਹੜਾ ਪੱਛਮੀ ਮੁਲਕਾਂ ਵਿੱਚ ਵਸਦੇ ਲੋਕਾਂ ਦੀ ਸੋਚ, ਉਹਨਾਂ ਦੇ ਮਨਾਂ ਦੀ ਹਰ ਗੁੰਝਲ, ਉਹਨਾਂ ਦੀ ਰਹਿਣੀ ਬਹਿਣੀ ਨੂੰ ਪਾਠਕਾਂ ਦੇ ਸਾਖਸ਼ਾਤ ਕਰ ਦਿੰਦਾ ਹੈ। ਉਸਨੇ ਮਸ਼ੀਨੀਕਰਣ ਦੇ ਦੌਰ ਵਿੱਚ ਪੱਛਮੀ ਲੋਕਾਂ ਦੀ ਕਰੂਰਤਾ ਨੂੰ ਪਾਠਕਾਂ ਸਾਹਮਣੇ ਲਿਆਉਣ ਵਿੱਚ ਗੁਰੇਜ ਨਹੀਂ ਕੀਤਾ। ਉਸਦੀਆਂ ਕਹਾਣੀਆ ਦੇ ਪਾਤਰ ਉਹ ਲੋਕ ਹਨ ਜਿਨ੍ਹਾਂ ਲਈ ਹਰ ਰਿਸ਼ਤਾ ਸਿਰਫ ਇੱਕ ਹੀ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ ਅਤੇ ਉਹ ਰਿਸ਼ਤਾ ਹੈ ਲਿੰਗ ਦਾ ਰਿਸ਼ਤਾ। ਧਰਤੀ ਉੱਤੇ ਵਸਦੇ ਜੀਵਾਂ ਵਿੱਚੋਂ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਹੜਾ ਰਿਸ਼ਤਿਆਂ ਵਿੱਚ ਬੱਝਿਆ ਹੈ ਪਰ ਹੁਣ ਮਾਨਵੀ ਰਿਸ਼ਤੇ ਵੀ ਗੰਧਲੇ ਹੁੰਦੇ ਜਾ ਰਹੇ ਹਨ ਜਿਨ੍ਹਾਂ ਨੂੰ ਕਹਾਣੀਕਾਰ ਰਵਿੰਦਰ ਰਵੀ ਨੇ ਆਪਣੇ ਕਹਾਣੀ ਜਗਤ ਵਿੱਚ ਪੇਸ਼ ਕੀਤਾ ਹੈ। ਰਵਿੰਦਰ ਰਵੀ ਦੇ ਕਹਾਣੀ ਸੰਗ੍ਰਹਿ 'ਆਪਣੇ-ਆਪਣੇ ਟਾਪੂ' ਵਿੱਚ ਸ਼ਾਮਲ 'ਤੈਂ ਕੀ ਦਰਦ ਨਾ ਆਇਆ' ਨਾਮੀ ਕਹਾਣੀ ਨੂੰ ਛੱਡ ਕੇ ਬਾਕੀ ਸਾਰੀਆਂ ਕਹਾਣੀਆਂ ਔਰਤ ਮਰਦ ਸੰਬੰਧਾਂ ਦੀ ਬਾਤ ਪਾਉਂਦੀਆਂ ਹਨ। 'ਗੋਰੀਆਂ ਸ਼ਹੀਦੀਆਂ' ਨਾਮੀ ਕਹਾਣੀ ਸੰਗ੍ਰਹਿ ਵਿੱਚ ਵੀ ਜ਼ਿਆਦਾਤਰ ਕਹਾਣੀਆਂ ਲਿੰਗ ਖੁੱਲ, ਲਿੰਗ ਭੁੱਖ ਅਤੇ ਲਿੰਗ ਸ਼ੋਸ਼ਣ ਦੀ ਗੱਲ ਕਰਦੀਆਂ ਹਨ। 'ਪੈੱਟ ਕਲਚਰ', 'ਈਸ਼ਵਰੀ ਰਿਸ਼ਤੇ', 'ਤੇਰਾਂ ਸਾਲ ਦੀ ਕੰਜਰੀ', 'ਰੋਹ ਦੀ ਸ਼ੈਲੀ', 'ਇਕਾਈ ਤੋਂ ਲੋਕਾਈ ਵੱਲ' ਆਦਿ ਕਹਾਣੀਆਂ ਇਸ ਪੱਖ ਤੋਂ ਦੇਖੀਆਂ ਜਾ ਸਕਦੀਆਂ ਹਨ। ਹਾਲਾਂਕਿ ਰਵਿੰਦਰ ਰਵੀ ਨੇ ਅਫ਼ਰੀਕਾ ਵਿੱਚ

ਰਹਿੰਦਿਆਂ ਔਰਤ ਮਰਦ ਸੰਬੰਧਾਂ ਦੀ ਗੱਲ ਆਪਣੀਆਂ ਕਹਾਣੀਆਂ ਵਿੱਚ ਕੀਤੀ ਹੈ ਪਰ ਕੈਨੇਡਾ ਵਿੱਚ ਲਿਖੀਆਂ ਕਹਾਣੀਆਂ ਵਿੱਚ ਰਵੀ ਨੇ ਪਰਿਵਾਰਕ ਰਿਸ਼ਤਿਆਂ ਨੂੰ ਇੱਕ ਨਵੇਂ ਜ਼ਾਵੀਏ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਉਸਦੀਆਂ ਬਹੁਤ ਸਾਰੀਆਂ ਕਹਾਣੀਆਂ ਰਿਸ਼ਤਿਆਂ ਦੀ ਟੁੱਟ ਭੱਜ ਅਤੇ ਰਿਸ਼ਤਿਆਂ ਦੀ ਬੇਕਦਰੀ ਦੀ ਗੱਲ ਕਰਦੀਆਂ ਹਨ। 'ਤੇਰਾਂ ਸਾਲ ਦੀ ਕੰਜਰੀ' ਅਤੇ 'ਗੋਰੀਆਂ ਸ਼ਹੀਦੀਆਂ' ਵਿੱਚ ਅਜਿਹੇ ਮਰਦ ਪਾਤਰਾਂ ਦੀ ਗੱਲ ਹੋਈ ਹੈ ਜਿਹੜੇ ਆਪਣੀਆਂ ਧੀਆਂ ਨਾਲ ਨਾਜਾਇਜ਼ ਸੰਬੰਧ ਕਾਇਮ ਕਰਦੇ ਹਨ ਅਤੇ ਆਪਣੀਆਂ ਧੀਆਂ ਦੇ ਬੱਚਿਆਂ ਦੇ ਬਾਪ ਬਣ ਜਾਂਦੇ ਹਨ। ਜਿਵੇਂ 'ਗੋਰੀਆਂ ਸ਼ਹੀਦੀਆਂ' ਕਹਾਣੀ ਦੀ ਮੁੱਖ ਪਾਤਰ ਆਪਣੇ ਮੂੰਹੋਂ ਕਹਿੰਦੀ ਹੈ ਕਿ :

> ਕਿਵੇਂ ਰੋਕਦੀ ਮੈਂ ਆਪਣੇ ਬਾਪ ਨੂੰ ਆਪਣੀਆਂ ਹੀ ਬੱਚੀਆਂ ਦਾ ਬਾਪ ਬਣਨ ਤੋਂ?[22]

ਇਹ ਸ਼ਬਦ ਅਨੈਤਿਕ ਸੰਬੰਧਾਂ ਵਿੱਚ ਉਪਜੇ ਦੁਖਾਂਤ ਦੀ ਨਿਸ਼ਾਨਦੇਹੀ ਕਰਦੇ ਹਨ। ਇੱਕ ਬਾਪ ਦਾ ਆਪਣੀ ਧੀ ਅਤੇ ਫਿਰ ਉਸ ਧੀ ਵਿੱਚੋਂ ਪੈਦਾ ਹੋਈਆਂ ਧੀਆਂ ਨਾਲ ਛੇੜਛਾੜ 'ਗੋਰੀਆਂ ਸ਼ਹੀਦੀਆਂ' ਕਹਾਣੀ ਦੇ ਕਥਾ ਵੇਰਵਿਆਂ ਦਾ ਆਧਾਰ ਬਣਦੀ ਹੈ। ਇਹ ਕਹਾਣੀ ਮਰਦ ਦੀ ਹਵਸ ਦਾ ਘਿਨਾਉਣਾ ਰੂਪ ਪੇਸ਼ ਕਰਦੀ ਹੈ।

ਇਸ ਤਰ੍ਹਾਂ ਦੀ ਬਿਰਤੀ ਸਿਰਫ਼ ਇੱਕ ਪਸ਼ੂ ਵਿੱਚ ਹੀ ਹੋ ਸਕਦੀ ਹੈ, ਜਿੱਥੇ ਰਿਸ਼ਤਿਆਂ ਦੀ ਨਾ ਵੰਡ ਹੁੰਦੀ ਹੈ ਅਤੇ ਨਾ ਹੀ ਸੋਝੀ। ਕਹਾਣੀ ਦੀ ਨਾਇਕਾ ਦੇ ਸਬਰ ਦਾ ਪੈਮਾਨਾ ਉਸ ਸਮੇਂ ਛਲਕ ਜਾਂਦਾ ਹੈ ਜਦੋਂ ਉਹ ਆਪਣੇ ਪਿਤਾ ਨੂੰ ਆਪਣੀਆਂ ਬੱਚੀਆਂ (ਉਸ ਦੀਆਂ ਦੋਹਤੀਆਂ) ਨਾਲ ਬੁਰੇ ਹਾਲਾਤਾਂ ਵਿੱਚ ਵੇਖਦੀ ਹੈ। ਉਹ ਬੌਖਲਾ ਉਠਦੀ ਹੈ :

> ਇਹ ਕੁਝ ਹੀ ਤੂੰ ਛੋਟੇ ਹੁੰਦਿਆਂ ਮੇਰੇ ਨਾਲ ਕਰਦਾ ਰਿਹਾ ਹੈ। ਜਾਨਵਰਾ ! ਤੈਨੂੰ ਸ਼ਰਮ ਨਹੀਂ ਆਉਂਦੀ। ਤੂੰ ਡੁੱਬ ਕਿਉਂ ਨਹੀਂ ਮਰਦਾ? ਮੇਰੀ ਮਾਂ ਸੱਚ ਹੀ ਕਹਿੰਦੀ ਸੀ ਕਿ ਤੈਨੂੰ ਤੇ ਮੈਨੂੰ ਤਾਂ ਏਸ ਕੰਜਰ ਨੇ ਉਜਾੜ ਦਿੱਤਾ ਹੈ। ਵੇਖੀਂ ਕਿਤੇ ਤੇਰੀਆਂ ਧੀਆਂ ਵੀ ਏਸ ਜੰਗਲੀ ਜਾਨਵਰ ਦਾ ਸ਼ਿਕਾਰ ਨਾ ਬਣ ਜਾਣ। ਇਨ੍ਹਾਂ ਨੂੰ ਬਚਾਵੀਂ। ਇਨ੍ਹਾਂ ਦੀ ਰੱਖਿਆ ਕਰੀਂ।[23]

ਇੱਕ ਬਾਪ ਨੂੰ ਧੀਆਂ ਦਾ ਰੱਖਿਅਕ ਕਿਹਾ ਜਾਂਦਾ ਹੈ ਪਰ ਜਦੋਂ ਰਕਸ਼ਕ ਹੀ ਭਕਸ਼ਕ ਬਣ ਜਾਵੇ ਤਾਂ ਸਮਾਜ ਦਾ ਨਿਘਾਰ ਸ਼ੁਰੂ ਹੋ ਜਾਂਦਾ ਹੈ।

ਪਿਉ ਅਤੇ ਧੀ ਦੇ ਰਿਸ਼ਤੇ ਤੋਂ ਇਲਾਵਾ ਸਾਡੇ ਸਮਾਜ ਵਿੱਚ ਗੁਰੂ ਅਤੇ ਚੇਲੇ ਦਾ ਰਿਸ਼ਤਾ ਵੀ ਪਾਕ ਅਤੇ ਪਵਿੱਤਰ ਮੰਨਿਆ ਜਾਂਦਾ ਹੈ ਪਰ 'ਟਿਊਸ਼ਨ' ਕਹਾਣੀ ਵਿਚਲੀ ਪਾਤਰ ਆਪਣੇ ਆਪ ਨੂੰ ਟਿਊਸ਼ਨ ਦੇਣ ਵਾਲੀ ਕਹਿੰਦੀ ਹੈ। ਪਰ ਉਹ ਟਿਊਸ਼ਨ ਦੇ ਨਾਂ ਤੇ ਸਮਾਜ ਨੂੰ ਸ਼ਰੇਆਮ ਲਿੰਗ ਸੰਬੰਧਾਂ ਵੱਲ ਵਧਾ ਰਹੀ ਹੈ। ਉਹ ਆਪ ਹੀ ਕਹਿੰਦੀ ਹੈ :

> ਮੈਂ ਕੁਝ ਨੌਜਵਾਨਾਂ ਨੂੰ ਟਿਊਸ਼ਨ ਦਿੰਦੀ ਹਾਂ। ਜਿਨ੍ਹਾਂ ਸਰੀਰਕ ਅਤੇ ਮਾਨਸਕ ਹਾਲਾਤ ਤੇ ਗੁੰਥੀਆਂ ਵਿੱਚੋਂ ਉਹ ਗੁਜ਼ਰ ਰਹੇ ਹਨ ਅਤੇ ਜਾਂ ਵਿਆਹ ਉਪਰੰਤ ਜਿਨ੍ਹਾਂ ਹਾਲਾਤਾਂ ਦੇ ਉਨ੍ਹਾਂ ਸਨਮੁਖ ਹੋਣਾ ਹੈ, ਮੈਂ ਉਨ੍ਹਾਂ ਸੰਬੰਧੀ ਹੀ ਉਨ੍ਹਾਂ ਨੂੰ ਟਿਊਸ਼ਨ, ਗਿਆਨ ਤੇ ਸਿਖਲਾਈ ਦਿੰਦੀ ਹਾਂ।[24]

ਟਿਊਸ਼ਨ ਇੱਕ ਕਮਜ਼ੋਰ ਬੱਚੇ ਨੂੰ ਦਿੱਤੀ ਜਾਂਦੀ ਹੈ ਜੋ ਕਿ ਪੜ੍ਹਾਈ ਵਿੱਚ ਨਿਪੁੰਨ ਨਾ ਹੋਵੇ। ਪਰ ਇੱਥੇ ਰਵੀ ਨੇ ਟਿਊਸ਼ਨ ਸ਼ਬਦ ਇੱਕ ਵੱਖਰੇ ਮਕਸਦ ਲਈ ਵਰਤਿਆ ਹੈ। ਇਹ ਸ਼ਬਦ ਵਰਤ ਕੇ ਉਸਨੇ ਸਮਾਜ ਵਿੱਚ ਹੋ ਰਹੇ ਗ਼ਲਤ ਕੰਮਾਂ ਉੱਪਰ ਵਿਅੰਗ ਕੀਤਾ ਹੈ।

ਇਸੇ ਤਰ੍ਹਾਂ ਦੀ ਇੱਕ ਹੋਰ ਕਹਾਣੀ 'ਰਿਸ਼ਤਿਆਂ ਦੇ ਆਰ-ਪਾਰ' ਵਿੱਚ ਇੱਕ ਪਤੀ ਦੁਆਰਾ ਆਪਣੀ ਪਤਨੀ ਲਈ ਦੂਸਰੇ ਮਰਦਾਂ ਦੀ ਤਲਾਸ਼ ਕਰਨਾ ਹੈ। ਇਸ ਕਹਾਣੀ ਵਿੱਚ ਮਰਦ ਪਾਤਰ ਜੌਨ ਚਾਲੀ ਵਰਿਆਂ ਦਾ ਹੈ ਅਤੇ ਉਸਦੀ ਪਤਨੀ ਸਿਰਫ ਵੀਹ ਸਾਲਾਂ ਦੀ ਹੈ। ਕਹਾਣੀ ਵਿੱਚ ਮਰਦ ਪਾਤਰ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਆਪਣੀ ਪਤਨੀ ਦੀਆਂ ਜਿਸਮਾਨੀ ਲੋੜਾਂ ਪੂਰੀਆਂ ਨਹੀਂ ਕਰ ਪਾਉਂਦਾ। ਉਹ ਦੂਸਰੇ ਮਰਦਾਂ ਨੂੰ ਆਪਣੇ ਘਰ ਬੁਲਾਉਂਦਾ ਅਤੇ ਉਹਨਾਂ ਨੂੰ ਆਪਣੀ ਪਤਨੀ ਨਾਲ ਸੰਬੰਧ ਕਾਇਮ ਕਰਨ ਲਈ ਕਹਿੰਦਾ ਹੈ। ਇਹ ਰਾਜ਼ ਕਹਾਣੀ ਦੇ ਅੰਤ ਤੇ ਜਾ ਕੇ ਖੁੱਲ੍ਹਦਾ ਹੈ ਜਦੋਂ ਪੁਲਿਸ ਉਹਨਾਂ (ਪਤਨੀ ਅਤੇ ਪਰਾਏ ਮਰਦ) ਨੂੰ ਅਲਫ਼ ਨੰਗਿਆਂ ਨੂੰ ਫੜ ਲੈਂਦੀ ਹੈ:

> ਜੌਨ ਉੱਤੇ ਇਹ ਇਲਜ਼ਾਮ ਲੱਗਾ ਸੀ ਕਿ ਉਹ ਆਪਣੀ ਪਤਨੀ ਕੋਲੋਂ ਪੇਸ਼ਾ ਕਰਵਾਉਂਦਾ ਹੈ। ਜਿਸ ਨੌਜਵਾਨ ਮੁੰਡੇ ਨੂੰ ਜੌਨ ਨੇ ਪਾਰਟੀ ਖਤਮ ਹੋਣ ਉਪਰੰਤ ਉਸ ਰਾਤ ਜੈਕੀ ਵਾਸਤੇ ਹਾਇਰ (Hire) ਕੀਤਾ ਸੀ, ਉਹ ਮੁੰਡਾ ਅਤੇ ਜੈਕੀ ਦੋਵੇਂ ਬਿਸਤਰੇ ਵਿੱਚ ਅਲਫ਼ ਨੰਗੇ ਪਕੜੇ ਗਏ ਸਨ ਅਤੇ ਜੌਨ ਉਹਨਾਂ ਸਾਹਮਣੇ ਕੁਰਸੀ ਉੱਤੇ ਬੈਠਾ, ਇਹ ਸਭ ਕੁਝ ਹੁੰਦਾ ਅੱਖੀਂ ਵੇਖ ਰਿਹਾ ਸੀ।[25]

ਇੱਕ ਪਤੀ ਅਤੇ ਪਤਨੀ ਦੋਹਾਂ ਵਿੱਚੋਂ ਕੋਈ ਵੀ ਇਹ ਨਹੀ ਚਾਹੇਗਾ ਕਿ ਉਸ ਦੇ ਸਾਥੀ ਦਾ ਸੰਬੰਧ ਕਿਸੇ ਹੋਰ ਨਾਲ ਬਣੇ। ਪਰ ਇੱਥੇ ਇੱਕ ਪਤੀ ਦੁਆਰਾ ਉਸਦੀ ਪਤਨੀ ਲਈ ਖੁਦ ਇੱਕ ਮਰਦ ਲੱਭਿਆ ਗਿਆ ਹੈ।

ਪੱਛਮੀ ਸਮਾਜ ਵਿੱਚ ਪਰਿਵਾਰਕ ਸੰਸਥਾ ਪਤਨ ਗ੍ਰਸਤ ਹੈ ਜਿਸਦਾ ਇੱਕ ਕਾਰਨ ਉੱਥੋਂ ਦੀ ਖੁੱਲ੍ਹੀ ਸੁਸਾਇਟੀ ਵਿੱਚ ਔਰਤ ਮਰਦ ਦਾ ਆਪਣੀ ਜਿਨਸੀ ਭੁੱਖ ਨੂੰ ਬਿਨਾਂ ਪਰਿਵਾਰ ਬਣਾਉਣ ਦੇ ਪੂਰਾ ਕਰਨਾ ਹੈ। ਪਰਿਵਾਰ ਵਿਹੂਣੇ ਇਹ ਰਿਸ਼ਤੇ ਸਥਾਈ ਅਤੇ ਹੰਢਣਸਾਰ ਨਹੀਂ ਹੁੰਦੇ। ਔਰਤ ਮਰਦ ਆਪਣੇ ਜੀਵਨ ਵਿੱਚ ਇਸ ਤਰ੍ਹਾਂ ਦੇ ਬੰਧਨ ਮੁਕਤ ਰਿਸ਼ਤੇ ਕਈ ਵਾਰ ਬਣਾਉਂਦੇ ਅਤੇ ਢਾਹੁੰਦੇ ਹਨ। ਪਰ ਜਦੋਂ ਅੰਤ ਤੇ ਅਜਿਹੇ ਸੰਬੰਧਾਂ ਤੋਂ ਔਰਤ ਅਤੇ ਮਰਦ ਦੋਵੇਂ ਥੱਕ ਜਾਂਦੇ ਹਨ ਤਾਂ ਉਹ ਸਥਾਈ ਪਰਿਵਾਰਕ ਸੰਬੰਧ ਬਣਾਉਣਾ ਲੋਚਦੇ ਹਨ ਪਰ ਅਜਿਹੇ ਰਿਸ਼ਤਿਆਂ ਵਿੱਚੋਂ ਪੈਦਾ ਹੋਏ ਬੱਚੇ ਇੱਕ ਗੰਭੀਰ ਸਮੱਸਿਆ ਬਣ ਜਾਂਦੇ ਹਨ।ਮਤਰੇਈ ਮਾਂ ਅਤੇ ਮਤਰੇਇਆ ਪਿਉ ਅਜਿਹੇ ਬੱਚਿਆਂ ਨਾਲ ਸਹੀ ਸੰਤੁਲਿਤ ਤੇ ਮਾਨਵਵਾਦੀ ਵਿਵਹਾਰ ਨਹੀਂ ਰੱਖ ਪਾਉਂਦੇ ਬਲਕਿ ਉਨ੍ਹਾਂ ਲਈ ਇਹ ਬੱਚੇ ਬੋਝ ਬਣ ਜਾਂਦੇ ਹਨ। ਰਵੀ ਪੱਛਮੀ ਸਮਾਜ ਦੀ ਘਿਨਾਉਣੀ ਤਸਵੀਰ ਨੂੰ ਪਾਠਕ ਦੇ ਸਨਮੁਖ ਕਰਦਾ ਹੈ। ਅਜਿਹੇ ਬਣੇ ਸੰਬੰਧਾਂ ਦਾ ਅੰਤ ਤ੍ਰਾਸਦਕ ਹੀ ਹੁੰਦਾ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਵਿੱਚ ਮਨੁੱਖੀ ਰਿਸ਼ਤਿਆਂ ਤੋਂ ਬਦਖ਼ਲ ਹੋਇਆ ਮਨੁਖ ਜਾਨਵਰਾਂ ਵੱਲ ਆਕਰਸ਼ਿਤ ਹੋਇਆ ਵੇਖਿਆ ਜਾ ਸਕਦਾ ਹੈ। ਉੱਥੇ ਮਨੁੱਖ ਨਾਲੋਂ ਜ਼ਿਆਦਾ ਜਾਨਵਰ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। 'ਪੈੱਟ ਕਲਚਰ' ਅਤੇ 'ਜਿੱਥੇ ਦੀਵਾਰਾਂ ਨਹੀਂ" ਕਹਾਣੀਆਂ ਇਸ ਪੱਖ ਤੋਂ ਦੇਖੀਆਂ ਜਾ ਸਕਦੀਆਂ ਹਨ। 'ਪੈੱਟ ਕਲਚਰ' ਕਹਾਣੀ ਵਿੱਚ 'ਸੈਂਡੀ' ਨਾਂ ਦੀ ਪਾਤਰ ਆਪਣੇ ਪ੍ਰੇਮੀ ਨਾਲੋਂ ਪਾਲਤੂ ਬਿੱਲੀ ਨੂੰ ਜ਼ਿਆਦਾ ਪਿਆਰ ਕਰਦੀ ਹੈ। ਉਸਦੇ ਆਪਣੇ ਸ਼ਬਦਾਂ ਮੁਤਾਬਕ :

> ਮਨੁੱਖ ਦਾ ਕੀ ਹੈ? ਇੱਕ ਛੱਡੋ ਦੂਜਾ ਆ ਜਾਵੇਗਾ। ਮੋਨਾ ਦੂਜੀ ਨਹੀਂ ਮਿਲ ਸਕਦੀ। ਗੈੱਟ ਆਊਟ ਆੱਫ ਮਾਈ ਹਾਊਸ, ਯੂ ਬਲੈਕ ਬਾਸਟਰਡ........।[26]

ਇਸ ਕਹਾਣੀ ਦਾ ਮਰਦ ਪਾਤਰ ਪੰਜਾਬੀ ਹੈ। ਉਹ ਪੱਕੇ ਪੇਪਰਾਂ ਵਾਸਤੇ ਸੈਂਡੀ ਨਾਲ ਵਿਆਹ ਕਰਵਾਉਂਦਾ ਹੈ। ਸੈਂਡੀ ਪਹਿਲਾਂ ਕਈ ਮਰਦਾਂ ਨਾਲ ਰਹਿ ਚੁੱਕੀ ਸੀ। ਮਰਦ ਪਾਤਰ (ਭੁਪਿੰਦਰ) ਨੂੰ ਇਸ ਗੱਲ ਦਾ ਅਹਿਸਾਸ ਸੀ ਪਰ ਉਹ ਆਪਣੇ ਸਵਾਰਥ ਕਾਰਨ ਉਸ ਨਾਲ ਜੁੜਿਆ ਹੋਇਆ ਸੀ। ਉਹ ਨਾ ਚਾਹ ਕੇ ਵੀ ਸੈਂਡੀ ਪਾਤਰ ਨਾਲ ਸਰੀਰਿਕ ਸੰਬੰਧ ਬਣਾਉਂਦਾ ਹੈ। ਪਰ ਜਦੋਂ ਭੁਪਿੰਦਰ ਦਾ ਮਕਸਦ ਪੂਰਾ ਹੋ ਜਾਂਦਾ ਹੈ ਤਾਂ ਉਹ ਸੈਂਡੀ ਨਾਲ ਰਹਿਣਾ ਨਹੀਂ ਚਾਹੁੰਦਾ। ਉਸਨੂੰ ਕਿਤੇ ਨ ਕਿਤੇ ਇਹ ਵੀ ਮਹਿਸੂਸ ਹੁੰਦਾ ਹੈ ਕਿ ਜੇਕਰ ਉਹ ਸੈਂਡੀ ਨਾਲੋਂ ਆਪਣਾ ਰਿਸ਼ਤਾ ਤੋੜ ਵੀ ਲੈਂਦਾ ਹੈ ਤਾਂ ਇਸ ਨਾਲ ਸੈਂਡੀ ਨੂੰ ਕੋਈ ਫ਼ਰਕ ਨਹੀਂ ਪੈਣ ਲੱਗਾ ਕਿਉਂਕਿ ਪੱਛਮੀ ਮਨੁੱਖ ਚਿਰ ਸਥਾਈ ਸੰਬੰਧ ਬਣਾਉਣ ਵਿੱਚ ਯਕੀਨ ਨਹੀਂ ਰੱਖਦਾ। ਹਾਲਾਂਕਿ ਰਵਿੰਦਰ ਰਵੀ ਨੇ ਕੈਨੇਡਾ ਜਾ ਕੇ ਮਸ਼ੀਨੀਕਰਣ ਦੇ ਦੌਰ ਵਿੱਚ ਰਿਸ਼ਤਿਆਂ ਵਿੱਚ ਪੈ ਰਹੇ ਵਿਗਾੜ ਦੀ ਗੱਲ ਕੀਤੀ ਹੈ ਪਰ

ਇਸ ਦੇ ਨਾਲ-ਨਾਲ ਉਸ ਨੇ ਪਰਵਾਸੀ ਪੰਜਾਬੀ ਦੀ ਦੋਗਲੀ ਮਾਨਸਿਕਤਾ ਨੂੰ ਵੀ ਫੜਿਆ ਹੈ। ਜਦੋਂ ਉਹ ਕਿਸੇ ਇੱਕ ਧਿਰ ਜਾਂ ਦੇਸ਼ ਦੀ ਘਟਨਾ ਦੀ ਗੱਲ ਕਰਦਾ ਹੈ ਤਾਂ ਉਹ ਸਿਰਫ਼ ਉੱਥੋਂ ਤੱਕ ਹੀ ਸੀਮਿਤ ਨਹੀਂ ਰਹਿ ਜਾਂਦਾ ਬਲਕਿ ਉਸ ਘਟਨਾ ਨੂੰ ਪੂਰੇ ਵਿਸ਼ਵ ਨਾਲ ਜੋੜ ਕੇ ਵੇਖਦਾ ਹੈ।

ਰਵਿੰਦਰ ਰਵੀ ਭਾਵੇਂ 1967 ਤੋਂ ਬਾਅਦ ਪਰਵਾਸ ਧਾਰ ਗਿਆ ਸੀ ਪਰ ਉਹ ਪੰਜਾਬ ਵਿੱਚ ਹੋਣ ਵਾਲੀ ਹਰ ਘਟਨਾ ਤੋਂ ਜਾਣੂ ਸੀ ਅਤੇ ਇਸ ਨੂੰ ਉਸ ਨੇ ਆਪਣੀਆਂ ਕਹਾਣੀਆਂ ਦੇ ਜ਼ਰੀਏ ਬਿਆਨ ਵੀ ਕੀਤਾ। ਪੰਜਾਬ ਸੰਕਟ ਨਾਲ ਸੰਬੰਧਤ ਕਹਾਣੀਆਂ 'ਕੈਂਸਰ', 'ਸ਼ਹੀਦ ਦੀ ਮਾਂ', 'ਸ਼ਰਨਾਰਥੀ', 'ਘਟਦੇ ਵਧਦੇ ਫਾਸਲੇ', 'ਤਾਰਿਆਂ ਵਾਲਾ ਦੇਸ਼', ਭਾਵੇਂ ਕੈਨੇਡਾ ਵਿੱਚ ਲਿਖੀਆਂ ਗਈਆਂ ਪਰ ਇਹ ਇੱਕ ਵੱਖਰੇ ਦ੍ਰਿਸ਼ਟੀਕੋਣ ਤੋਂ ਲਿਖੀਆਂ ਹੋਣ ਕਰਕੇ ਖ਼ਾਸ ਤੌਰ ਤੇ ਪਾਠਕ ਦਾ ਧਿਆਨ ਖਿੱਚਦੀਆਂ ਹਨ।

'ਸ਼ਹੀਦ ਦੀ ਮਾਂ' ਕਹਾਣੀ ਵਿੱਚ ਕਹਾਣੀਕਾਰ ਇੱਕ ਸਨਸਨੀਖ਼ੇਜ਼ ਘਟਨਾ ਨੂੰ ਉਭਾਰਦਾ ਹੈ ਜਿਸ ਵਿੱਚ ਇੱਕ ਵਿਧਵਾ ਮਾਂ ਆਪਣੇ ਪੁੱਤਰ ਦੇ ਸ਼ਹੀਦ ਹੋ ਜਾਣ ਤੇ ਆਪਣੇ ਜੇਠ ਨਾਲ ਵਿਆਹ ਕਰਵਾਉਂਦੀ ਹੈ ਅਤੇ ਉਸ ਤੋਂ ਇੱਕ ਪੁੱਤਰ ਨੂੰ ਜਨਮ ਦਿੰਦੀ ਹੈ। ਇਸ ਕਹਾਣੀ ਵਿੱਚ ਪੰਜਾਬੀ ਕਿਰਦਾਰ ਦੀ ਜੁਝਾਰੂ ਸੂਰਮਤਾਈ ਨੂੰ ਬਿਲਕੁਲ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਦੇ ਉਲਟ 'ਕੈਂਸਰ' ਕਹਾਣੀ ਭਾਰਤ ਵਿੱਚ ਲੱਗੀ ਐਮਰਜੈਂਸੀ ਨਾਲ ਸੰਬੰਧਤ ਹੈ। ਜਿਸ ਤਰ੍ਹਾਂ 'ਕੈਂਸਰ' ਇੱਕ ਮਨੁੱਖ ਦੇ ਹੱਡਾਂ ਨੂੰ ਹੌਲੀ-ਹੌਲੀ ਖਾ ਜਾਂਦਾ ਹੈ ਉਸੇ ਤਰ੍ਹਾਂ ਦੇਸ਼ ਤੇ ਪਈ ਭੀੜ ਦੇਸ਼ ਦਾ ਘਾਣ ਕਰ ਦਿੰਦੀ ਹੈ। ਇੱਥੇ ਪਾਤਰ ਪੂਰਨ ਸੁਤੰਤਰਤਾ ਦੀ ਭਾਲ ਵਿੱਚ ਹੈ ਜਿੱਥੇ ਉਸ ਨੂੰ ਖੁਸ਼ ਹੋਣ ਦਾ, ਸੁਪਨੇ ਲੈਣ ਦਾ ਪੂਰਾ ਅਧਿਕਾਰ ਹੋਵੇ। ਗੁਲਾਮੀ ਵੀ ਪਾਤਰ ਨੂੰ ਕੈਂਸਰ ਸਮਾਨ ਹੀ ਲੱਗ ਰਹੀ ਹੈ ਜੋ ਮਨੁੱਖ ਵਜੂਦ ਨੂੰ ਹੌਲ਼ੀ-ਹੌਲ਼ੀ ਖ਼ਤਮ ਕਰ ਦਿੰਦੀ ਹੈ।

ਇਸੇ ਤਰ੍ਹਾਂ 'ਤਾਰਿਆਂ ਵਾਲਾ ਦੇਸ਼' ਕਹਾਣੀ ਦੀ ਗੱਲ ਕੀਤੀ ਜਾ ਸਕਦੀ ਹੈ ਜਿਸ ਵਿਚਲਾ ਪਾਤਰ ਆਪਣਾ ਦੇਸ਼ ਛੱਡ ਕੇ ਬੇਗਾਨੇ ਦੇਸ਼ ਆਇਆ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਭੂਹੇਰਵੇ ਦੀ ਗੱਲ ਬੜੇ ਸੁਚੇਤ ਪੱਧਰ ਤੇ ਕੀਤੀ ਹੈ। ਬੇਸ਼ਕ ਹੋਰਨਾਂ ਕਹਾਣੀਕਾਰਾਂ ਵਾਂਗ ਉਹ ਭੂਹੇਰਵਾ ਨਹੀਂ ਜਗਾਉਂਦਾ ਬਲਕਿ ਸਾਰੇ ਸੰਸਾਰ ਨੂੰ ਆਪਣੇ ਘਰ ਵਾਂਗ ਸਮਝਦਾ ਹੈ ਅਤੇ ਉੱਥੋਂ ਦੇ ਹਾਲਾਤਾਂ ਨੂੰ ਹੀ ਬਿਆਨ ਕਰਦਾ ਹੈ। ਪਰ ਇਸ ਕਹਾਣੀ ਵਿਚਲਾ ਪਾਤਰ ਰਾਤ ਨੂੰ ਸੁੱਤਾ ਇਹ ਯਾਦ ਕਰਦਾ ਹੈ ਕਿ ਆਪਣੇ ਮੁਲਕ ਵਿੱਚ ਉਹ ਤਾਰਿਆਂ ਦੀ ਛਾਂ ਥੱਲੇ ਸੌਂਦਾ ਸੀ ਪਰ ਇੱਥੇ ਪਹੁੰਚ ਕੇ ਉਸ ਤੋਂ ਇਹ ਸਭ ਕੁਝ ਖੁੰਝ ਗਿਆ ਹੈ। ਉਹ ਇਸ ਸਭ ਲਈ ਤੜਪਦਾ ਹੈ ਅਤੇ ਆਪਣੇ ਦੇਸ਼ ਜਾਣਾ ਲੋਚਦਾ ਹੈ। ਪਰ ਉਸਦਾ ਭਾਰਤ ਵਾਪਸ ਜਾਣ ਦਾ ਕਾਰਨ ਸਿਰਫ ਇਹ ਨਹੀਂ ਹੈ। ਉਸਦਾ ਦੂਸਰਾ ਕਾਰਨ ਇਹ ਵੀ ਹੈ ਕਿ ਉਸਨੂੰ ਪੰਜਾਬ ਦੀ ਕਿਸੇ ਛੋਟੀ ਜਾਤ ਦੀ ਕੁੜੀ ਨਾਲ ਪਿਆਰ ਹੋ ਗਿਆ ਸੀ ਅਤੇ ਉਨ੍ਹਾਂ ਪ੍ਰੇਮ ਸੰਬੰਧਾਂ ਵਿੱਚੋਂ ਉਸ ਦਾ ਇੱਕ ਪੁੱਤਰ ਵੀ ਹੈ। ਉਹ ਉਹਨਾਂ ਨੂੰ ਮਿਲਣ ਦਾ

ਚਾਹਵਾਨ ਹੈ। ਘਰਦਿਆਂ ਨੇ ਉਸਨੂੰ ਉਸ ਛੋਟੀ ਬਿਰਾਦਰੀ ਦੀ ਲੜਕੀ ਤੋਂ ਦੂਰ ਰੱਖਣ ਲਈ ਹੀ ਕੈਨੇਡਾ ਭੇਜਿਆ ਸੀ। ਇਸ ਕਹਾਣੀ ਵਿੱਚ ਮੂਲ ਮੁੱਦਾ ਭੂਹੇਰਵਾ ਨਹੀਂ ਬਲਕਿ ਜਾਤੀ ਜਮਾਤੀ ਨਸਲੀ ਵਿਤਕਰਾ ਜਾਪਦਾ ਹੈ। ਉਸ ਪਾਤਰ ਨਾਲ ਸਿਰਫ ਗੋਰੇ ਹੀ ਨਸਲਵਾਦ ਦੇ ਨਾਂ ਤੇ ਭੇਦਭਾਵ ਨਹੀਂ ਕਰਦੇ ਬਲਕਿ ਪੰਜਾਬ ਵਿੱਚ ਉਸਦੀ ਪ੍ਰੇਮਿਕਾ ਨਾਲ ਵੀ ਇਹ ਹੀ ਹੋ ਰਿਹਾ ਹੈ। ਇਸ ਤਰ੍ਹਾਂ ਇਹ ਮਸਲਾ ਕਿਸੇ ਇੱਕ ਪ੍ਰਾਂਤ ਜਾਂ ਦੇਸ਼ ਦਾ ਨਾ ਹੋ ਕੇ ਪੂਰੇ ਸੰਸਾਰ ਵਿੱਚ ਫੈਲਿਆ ਦਿਖਾਇਆ ਗਿਆ ਹੈ। 'ਕਿੰਨੇ ਜਵਾਲਾਮੁਖੀ ਹੋਰ' ਵਿੱਚ ਦੋ ਪਾਤਰ ਮਿਲਖਾ ਸਿੰਘ ਅਤੇ ਜਾਨ ਬਿਕਸੋ ਦੋਨੋ ਪੱਕੇ ਮਿੱਤਰ ਹਨ। ਦੋਨੋ ਇੱਕੋ ਹੀ ਫੈਕਟਰੀ ਵਿੱਚ ਕੰਮ ਕਰਦੇ ਹਨ। ਉਹਨਾਂ ਦੀ ਮਿੱਲ ਵਿੱਚ ਟਰਿਮਰਮੈਨ ਦੀ ਜੌਬ ਖਾਲੀ ਹੁੰਦੀ ਹੈ। ਦੋਨੋਂ ਇਸ ਵਾਸਤੇ ਅਰਜ਼ੀ ਦਿੰਦੇ ਹਨ ਪਰ ਜਾਨ ਬਿਕਸੋ ਨੂੰ ਛੱਡ ਕੇ ਮਿਲਖਾ ਸਿੰਘ ਨੂੰ ਨੌਕਰੀ ਮਿਲਦੀ ਹੈ। ਇਸਦਾ ਕਾਰਨ ਮਿਲ ਦੇ ਮਾਲਕ ਦਾ ਸਰਦਾਰ (ਪੰਜਾਬੀ) ਹੋਣਾ ਹੈ:

> ਇਨ੍ਹਾਂ ਦਿਨਾਂ 'ਚ ਹੀ ਉਨ੍ਹਾਂ ਦੀ ਮਿਲ ਵਿੱਚ ਟਰਿਮਰਮੈਨ ਦੀ ਜੌਬ ਵਿਹਲੀ ਹੋਈ, ਤਾਂ ਉਨ੍ਹਾਂ ਦੋਹਾਂ ਨੇ ਇਸ ਲਈ ਆਪਣੇ ਨਾਮ ਪੇਸ਼ ਕਰ ਦਿੱਤੇ। ਫੈਸਲਾ ਮਿਲਖਾ ਸਿੰਘ ਦੇ ਹੱਕ ਵਿੱਚ ਹੋਇਆ ਤਾਂ ਜਾਨ ਲੋਹਾ ਲਾਖਾ ਹੋ ਗਿਆ। ਉਸਦਾ ਕਹਿਣਾ ਸੀ ਕਿ ਕਿਉਂਕਿ ਉਨ੍ਹਾਂ ਦੀ ਸ਼ਿਫਟ ਦਾ ਫੋਰਮੈਨ ਹਿੰਦੂ ਸੀ, ਇਸ ਲਈ ਉਸਨੇ ਮਿਲਖਾ ਸਿੰਘ ਦੀ ਤਰਫ਼ਦਾਰੀ ਅਤੇ ਉਸ ਨਾਲ ਡਿਸਕ੍ਰਿਮੀਨੇਸ਼ਨ ਕੀਤੀ ਹੈ।[27]

ਆਪਣੀਆਂ ਕਹਾਣੀਆਂ ਰਾਹੀਂ ਉਹ ਇਹ ਦੱਸਣਾ ਚਾਹੁੰਦਾ ਹੈ ਕਿ ਨਸਲਵਾਦ ਦਾ ਮਸਲਾ ਹਰ ਦੇਸ਼, ਧਰਮ, ਜਾਤੀ, ਸਭਿਆਚਾਰ ਵਿੱਚ ਖੁੱਲੇ ਆਮ ਵੇਖਣ ਨੂੰ ਮਿਲ ਜਾਂਦਾ ਹੈ।

ਇਨ੍ਹਾਂ ਸਭ ਵਿਸ਼ਿਆਂ ਤੋਂ ਇਲਾਵਾ ਰਵੀ ਨੇ ਇੱਕ ਖਾਸ ਮਸਲਾ ਵੀ ਆਪਣੀਆਂ ਕਹਾਣੀਆਂ ਵਿੱਚ ਚੁੱਕਿਆ ਹੈ ਅਤੇ ਉਹ ਹੈ ਪੰਜਾਬ ਤੋਂ ਪਰਵਾਸ ਕਰਕੇ ਕੈਨੇਡਾ ਵਿੱਚ ਵਸੇ ਪੰਜਾਬੀਆਂ ਦਾ ਆਪਣੇ ਹੀ ਲੋਕਾਂ, ਪਰਿਵਾਰਾਂ ਅਤੇ ਖਾਸ ਤੌਰ ਤੇ ਆਪਣੇ ਹੀ ਘਰ ਵਿਚਲੀ ਔਰਤ ਨਾਲ ਕੀਤਾ ਜਾਂਦਾ ਬੁਰਾ ਸਲੂਕ। ਇਸ ਸੰਬੰਧ ਵਿੱਚ ਰਵਿੰਦਰ ਰਵੀ ਦੀਆਂ ਕਹਾਣੀਆਂ 'ਚੱਕ੍ਰਵਯੂਹ ਦੇ ਅੰਦਰ', 'ਚੱਕ੍ਰਵਯੂਹ ਤੋਂ ਬਾਹਰ', 'ਉਹਲਿਆਂ ਦੇ ਆਰ-ਪਾਰ', 'ਆਪਣਾ, ਆਪਣਾ ਦੇਸ਼', ਆਦਿ ਵੇਖੀਆਂ ਜਾ ਸਕਦੀਆਂ ਹਨ।

'ਉਹਲਿਆਂ ਦੇ ਆਰ ਪਾਰ' ਕਹਾਣੀ ਕੈਨੇਡਾ ਵਿੱਚ ਵਿੱਚ ਵੱਸਦੇ ਪਰਵਾਸੀ ਪੰਜਾਬੀ ਸਮਾਜ ਵੱਲੋਂ ਔਰਤ ਨਾਲ ਹੋ ਰਹੇ ਅਨਿਆ ਨੂੰ ਬਿਆਨ ਕਰਦੀ ਹੈ। ਇਸ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਦੇਸੋਂ ਆਈਆਂ ਕੁੜੀਆਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ। ਪੜੀਆਂ ਲਿਖੀਆਂ ਹੋਣ ਦੇ ਬਾਵਜੂਦ ਦੇਸ਼ ਵਿੱਚ ਵਸਦੇ ਮਾਪੇ ਕਿਵੇਂ ਵਿਦੇਸ਼ਾਂ ਵਿੱਚ ਜਾ ਵੱਸਣ ਦੇ ਲਾਲਚ ਕਰਕੇ ਆਪਣੀਆਂ ਧੀਆਂ ਅਨਪੜ ਅਤੇ ਵੱਡੀ ਉਮਰ

ਦੇ ਆਦਮੀਆਂ ਨਾਲ ਵਿਆਹ ਦਿੰਦੇ ਹਨ। ਪਰਵਾਸ ਵਿੱਚ ਪੰਜਾਬੀ ਔਰਤ ਨਾਲ ਹੋ ਰਹੀ ਘਰੇਲੂ ਹਿੰਸਾ ਤੇ ਕੁੜੀਆਂ ਦੀ ਭਰੂਣ ਹੱਤਿਆ ਵੱਲ ਉਸਨੇ ਸੰਕੇਤ ਕੀਤੇ ਹਨ। ਪਰਵਾਸੀ ਪੰਜਾਬੀ ਔਰਤ ਦੇ ਦੁੱਖ ਦਰਦ ਨੂੰ ਉਸਨੇ ਮਾਨਵੀ ਹਮਦਰਦੀ ਨਾਨ ਬਿਆਨਿਆ ਹੈ ਅਤੇ ਮਰਦ ਸਮਾਜ ਦੇ ਪਿਤਰਕੀ ਵਿਹਾਰ ਤੇ ਉਂਗਲ ਧਰੀ ਹੈ।

ਇਸ ਤੋਂ ਇਲਾਵਾ ਉਸਨੇ ਪੀੜ੍ਹੀ ਪਾੜੇ ਬਾਰੇ ਵੀ ਗੱਲ ਕੀਤੀ ਹੈ। ਪੰਜਾਬੀ ਬਜ਼ੁਰਗ ਜੋ ਕੈਨੇਡਾ ਆਪਣੇ ਧੀਆਂ ਪੁੱਤਰਾਂ ਕਾਰਨ ਆਉਂਦੇ ਹਨ ਉਹਨਾਂ ਦੀ ਮਾਨਸਿਕਤਾ ਅਤੇ ਉਹਨਾਂ ਨਾਲ ਹੁੰਦੇ ਬੁਰੇ ਸਲੂਕਾਂ ਨੂੰ ਪੇਸ਼ ਕਰਦੀਆਂ ਕਹਾਣੀਆਂ ਵੀ ਰਵੀ ਨੇ ਲਿਖੀਆਂ ਹਨ। 'ਆਪਣਾ-ਆਪਣਾ ਦੇਸ' ਵਿੱਚ ਬਜ਼ੁਰਗਾਂ ਦੀ ਮਾੜੀ ਹਾਲਤ ਨੂੰ ਪੇਸ਼ ਕੀਤਾ ਗਿਆ ਹੈ ਕਿ ਕਿਵੇਂ ਉਹਨਾਂ ਦੇ ਬੱਚਿਆਂ ਕੋਲ ਉਹਨਾਂ ਵਾਸਤੇ ਕੋਈ ਸਮਾਂ ਨਹੀਂ ਹੁੰਦਾ ਅਤੇ ਉਹ ਉਹਨਾਂ ਨੂੰ ਬਿਰਧ ਆਸ਼ਰਮ ਛੱਡ ਦਿੰਦੇ ਹਨ। ਇਹ ਭੇਦ ਉਸ ਵੇਲੇ ਖੁੱਲਦਾ ਹੈ ਜਦੋਂ ਗੁਰਮੁਖ ਸਿੰਘ ਦੀ ਨੂੰਹ ਉਸਨੂੰ ਬਿਰਧ ਘਰ ਆਪਣੇ ਨਾਨਾ ਨਾਨੀ ਕੋਲ ਮਿਲਾਉਣ ਲਈ ਲੈ ਕੇ ਜਾਂਦੀ ਹੈ ਅਤੇ ਉਸਨੂੰ ਦੱਸਦੀ ਹੈ ਕਿ :

> "ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸਭ ਕੰਮਾਂ ਵਿੱਚ ਰੁੱਝੇ ਹੋਏ ਸਨ। ਕਿਸੇ ਕੋਲ ਇਨ੍ਹਾਂ ਨੂੰ ਸੰਭਾਲਣ ਦੀ ਵਿਹਲ ਹੀ ਨਹੀਂ ਸੀ।"[28]

ਇਸ ਤੋਂ ਉਹਨਾਂ ਲੋਕਾਂ ਦੀ ਪੂੰਜੀਵਾਦੀ ਸੋਚ ਦਾ ਪਤਾ ਚਲਦਾ ਹੈ ਜਿੱਥੇ ਉਹ ਪੂੰਜੀ ਕਮਾਉਣਾ ਤਾਂ ਜਾਣਦੇ ਹਨ ਪਰ ਰਿਸ਼ਤਿਆਂ ਨੂੰ ਸਾਂਭਣਾ ਨਹੀਂ ਜਾਣਦੇ। ਉਹਨਾਂ ਦੀ ਜ਼ਿੰਦਗੀ ਰਿਸ਼ਤਿਆਂ ਦੇ ਨਿੱਘ ਤੋਂ ਕੋਰੀ ਵਿਖਾਈ ਗਈ ਹੈ। ਇਸੇ ਤਰ੍ਹਾਂ 'ਚੱਕ੍ਰਵਯੂਹ ਦੇ ਅੰਦਰ, ਚੱਕ੍ਰਵਯੂਹ ਤੋਂ ਬਾਹਰ' ਕਹਾਣੀ ਵਿੱਚ ਰਵੀ ਨੇ ਵਿਦੇਸ਼ਾਂ ਵਿੱਚ ਆ ਕੇ ਭਾਰਤੀਆਂ ਵੱਲੋਂ ਜ਼ਿਆਦਾ ਧਨ ਕਮਾਉਣ ਲਈ ਕੀਤੇ ਜਾਂਦੇ ਗ਼ਲਤ ਧੰਦਿਆਂ ਦੀ ਗੱਲ ਕੀਤੀ ਹੈ ਪਰ ਜਦੋਂ ਉਹਨਾਂ ਨੂੰ ਰੋਕਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਉਹ ਉਸ ਨੂੰ ਹਾਨੀ ਪਹੁੰਚਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਇਸ ਕਹਾਣੀ ਵਿੱਚ ਵੀ ਸਰਦਾਰਾ ਸਿੰਘ ਆਪਣੇ ਬੱਚਿਆਂ ਨੂੰ ਤਸਕਰੀ ਵਰਗੇ ਬੁਰੇ ਕੰਮ ਤਿਆਗਣ ਨੂੰ ਕਹਿੰਦਾ ਹੈ। ਪਰ ਜਦੋਂ ਉਹ ਮੰਨਦੇ ਨਹੀਂ ਤਾਂ ਉਹ ਉਹਨਾਂ ਨੂੰ ਪੁਲਿਸ ਦੀ ਧਮਕੀ ਦਿੰਦਾ ਹੈ। ਇਸ ਦਸ਼ਾ ਵਿੱਚ ਉਹ ਆਪਣੇ ਬਾਪ ਦਾ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਨਿੱਜੀ ਸਵਾਰਥ ਲਈ ਪੰਜਾਬੀ ਪਰਵਾਸੀ ਇੰਨਾ ਸਵਾਰਥੀ ਹੋ ਰਿਹਾ ਹੈ ਕਿ ਉਹ ਆਪਣਿਆਂ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ।

ਰਵਿੰਦਰ ਰਵੀ ਮਨੁੱਖਤਾ ਦਾ ਚਿਤੇਰਾ ਹੈ। ਉਸ ਦੀਆਂ ਕਹਾਣੀਆਂ ਦਾ ਸੁਭਾਅ ਸਿਰਫ ਖੇਤਰੀ ਨਹੀਂ। ਉਸ ਦੇ ਕਥਾ ਲੋਕ ਵਿੱਚ, ਪੰਜਾਬੀ, ਅਫ਼ਰੀਕੀ, ਅਮਰੀਕੀ ਆਦਿ ਬਹੁਤ ਸਾਰੇ ਦੇਸ਼ਾਂ ਅਤੇ ਨਸਲਾਂ ਦੇ

ਲੋਕ ਵਿਚਰਦੇ ਨਜ਼ਰ ਆਉਂਦੇ ਹਨ। ਉਹ ਹਰ ਸਭਿਆਚਾਰ ਦੀ ਗੱਲ ਆਪਣੀ ਕਹਾਣੀ ਵਿੱਚ ਕਰਦਾ ਹੈ ਪਰ ਪੰਜਾਬੀ ਸਭਿਆਚਾਰ ਸੁਭਾਵਿਕ ਤੌਰ ਤੇ ਇੱਕ ਖ਼ਾਸ ਭੂਮਿਕਾ ਵਿੱਚ ਅੱਗੇ ਰਹਿੰਦਾ ਹੈ। ਪੰਜਾਬੀ ਸਭਿਆਚਾਰ ਦੇ ਮੂਲ ਆਧਾਰ ਅਤੇ ਧੁਨੀਆਂ ਉਸ ਦੀਆਂ ਰਚਨਾਵਾਂ ਵਿੱਚ ਰਸੀਆਂ ਰਹਿੰਦੀਆਂ ਹਨ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ :

> "ਰਵੀ ਨੇ ਮਾਨਵੀ ਕਲੋਨ ਦੀ ਤਿਆਰੀ ਟੈਸਟ ਟਿਊਬ ਬੱਚੇ ਅਤੇ ਜੈਨੇਟਕ ਇੰਜੀਨੀਅਰਿੰਗ ਨੂੰ ਆਪਣੀਆਂ ਕਥਾ ਰਚਨਾਵਾਂ ਵਿੱਚ ਪੇਸ਼ ਤਾਂ ਕੀਤਾ ਹੈ ਪਰ ਨਾਲ ਹੀ ਇਸ ਕਾਰਜ ਵਿੱਚੋਂ ਪੈਦਾ ਹੋਏ ਮਾਨਵੀ ਰਿਸ਼ਤਿਆਂ ਦੀ ਪ੍ਰਕਿਰਤੀ ਅਤੇ ਪਹਿਚਾਣ, ਸੰਦਿਗਧ ਤੇ ਸੰਕਟ ਭਰਪੂਰ ਪਰਿਵੇਸ਼ ਦੀ ਸਹਿਜ ਸਿਰਜਣਾ ਵੀ ਕੀਤੀ ਹੈ। ਕੰਪਿਊਟਰਾਂ ਵਿੱਚ ਸੰਭਾਲੇ ਅਤੇ ਫਰੀਜ਼ਰ ਵਿੱਚ ਸਾਂਭੇ ਅੰਡਾ - ਬੈਂਕ ਅਤੇ ਸਪਰਮ ਬੈਂਕ ਦੇ ਲੇਖੇ ਜੋਖੇ ਨੇ ਅਜੋਕੇ ਸਮਾਜ ਦੀਆਂ ਪ੍ਰਚਲਿਤ ਬੁਨਿਆਦਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।"[29]

ਰਵਿੰਦਰ ਰਵੀ ਨੇ ਆਪਣੀਆਂ ਕਹਾਣੀਆਂ ਨੂੰ ਵੰਨ-ਸੁਵੰਨੀਆਂ ਦਸ਼ਾਵਾਂ ਅਤੇ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਉਸਨੇ ਜਿੱਥੇ ਪੱਛਮੀ ਸਮੱਸਿਆਵਾਂ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ ਉੱਥੇ ਬਗਾਨੇ ਮੁਲਕਾਂ ਵਿੱਚ ਬੇਗਾਨਗੀ ਭੋਗ ਰਹੇ ਪੰਜਾਬੀ ਪਰਵਾਸੀ ਦੀ ਅਭਿਵਿਅਕਤੀ ਵੀ ਕੀਤੀ ਹੈ। ਉਹ ਭੂਤ ਅਤੇ ਵਰਤਮਾਨ ਦੀ ਨਿਸ਼ਾਨਦੇਹੀ ਕਰਦਾ ਹੋਇਆ ਦੂਰ ਭਵਿੱਖ ਦੇ ਦਿੱਸਹੱਦਿਆਂ ਉੱਪਰ ਵੀ ਆਪਣੀ ਨਜ਼ਰ ਕੇਂਦ੍ਰਿਤ ਕਰਦਾ ਹੈ। ਉਹ ਸਮੇਂ ਦੀ ਮਕੈਨੀਕਲ ਵੰਡ ਵਿੱਚ ਜ਼ਿਆਦਾ ਵਿਸ਼ਵਾਸ ਨਹੀਂ ਰੱਖਦਾ। ਰਵਿੰਦਰ ਰਵੀ ਵਿਸ਼ਵੀ ਚੇਤਨਾ ਦੇ ਸੰਦਰਭ ਵਿੱਚ ਲਿਖਣ ਵਾਲਾ ਲੇਖਕ ਹੈ। ਜਿੱਥੇ ਉਸਨੇ ਆਪਣੀਆਂ ਕਹਾਣੀਆਂ ਵਿੱਚ ਆਧੁਨਿਕ ਜੀਵਨ ਦੇ ਵਿਭਿੰਨ ਪੱਖਾਂ ਖਾਸ ਕਰਕੇ ਵਿਗਿਆਨ, ਉਦਯੋਗ, ਸੂਚਨਾ ਅਤੇ ਤਕਨਾਲੋਜੀ ਆਦਿ ਨੂੰ ਆਪਣੀਆਂ ਕਹਾਣੀਆਂ ਦਾ ਥੀਮ ਬਣਾਇਆ ਹੈ ਉੱਥੇ ਉਸ ਦੀਆਂ ਕਹਾਣੀਆਂ ਦਾ ਬਿਰਤਾਂਤਕ ਸੁਹਜ ਵੀ ਗੌਲਣਯੋਗ ਹੈ।

ਮਨੁੱਖ ਦਾ ਇਤਿਹਾਸ ਜਿੰਨਾ ਪੁਰਾਣਾ ਹੈ ਉਨ੍ਹਾਂ ਹੀ ਬਿਰਤਾਂਤ ਦਾ ਇਤਿਹਾਸ ਪੁਰਾਣਾ ਹੈ। ਮਨੁੱਖ ਜਦੋਂ ਸੋਚਦਾ ਵੀ ਹੈ ਤਾਂ ਉਹ ਬਿਰਤਾਂਤ ਵਿੱਚ ਹੀ ਸੋਚਦਾ ਹੈ। ਇਸ ਲਈ ਬਿਰਤਾਂਤ ਮਨੁੱਖੀ ਸੋਚ ਦਾ ਕਦੀਮੀ ਅਤੇ ਮੂਲ ਲੱਛਣ ਹੈ। ਦੁਨੀਆਂ ਦੇ ਹਰੇਕ ਖੇਤਰ, ਜਾਤੀ, ਸਮੂਹ ਅਤੇ ਸਭਿਆਚਾਰ ਆਦਿ ਦੇ ਆਪਣੇ-ਆਪਣੇ ਬਿਰਤਾਂਤ ਹੁੰਦੇ ਹਨ। ਇਸ ਸੰਬੰਧੀ ਰੋਲਾ ਬਾਰਤ ਕਹਿੰਦਾ ਹੈ ਕਿ:

> "ਦੁਨੀਆਂ ਵਿੱਚ ਬਿਰਤਾਂਤ ਅਣਗਿਣਤ ਹਨ....... ਬਿਰਤਾਂਤ ਅੰਤਰਰਾਸ਼ਟਰੀ, ਪਰਾ ਇਤਿਹਾਸਕ ਅਤੇ ਪਰਾ-ਸਭਿਆਚਾਰਕ ਹੁੰਦੇ ਹਨ। ਇਹ ਜੀਵਨ ਜਿੰਨੇ ਹੀ ਸਰਵਵਿਆਪਕ ਹੁੰਦੇ ਹਨ।"[30]

ਬਿਰਤਾਂਤ ਤੋਂ ਹੀ ਅਸੀਂ ਕਿਸੇ ਮਨੁੱਖੀ ਸਮੂਹ ਦੀ ਭਾਸ਼ਾ ਅਤੇ ਉਸਦੀ ਸੋਚ ਦਾ ਅਨੁਮਾਨ ਲਾ ਸਕਦੇ ਹਾਂ ਕਿਉਂਕਿ ਬਿਰਤਾਂਤ ਇੱਕ ਮਨੁੱਖ ਨੂੰ ਜਾਣਨ ਅਤੇ ਸਮਝਣ ਦਾ ਜ਼ਰੀਆ ਹੈ ਜਿਸ ਤੋਂ ਉਸਦੇ ਪੂਰੇ ਵਿਅਕਤਿਤਵ ਦਾ ਪਤਾ ਚਲਦਾ ਹੈ। ਬਿਰਤਾਂਤ ਮਨੁੱਖੀ ਸੋਚ ਦਾ ਇੱਕ ਅਜਿਹਾ ਲੱਛਣ ਹੈ ਜਿਸ ਦੁਆਰਾ ਉਸ ਦੇ ਅਨੁਭਵ ਗਿਆਨ ਦਾ ਪ੍ਰਗਟਾਵਾ ਹੁੰਦਾ ਹੈ। ਇਸ ਤਰ੍ਹਾਂ ਬਿਰਤਾਂਤ ਇੱਕ ਪਾਠਕ/ਸਰੋਤੇ ਤੱਕ ਗਿਆਨ ਪਹੁੰਚਾਉਣ ਦਾ ਇੱਕ ਮਾਧਿਅਮ ਹੈ। ਗੇਰਾਲਡ ਪ੍ਰਿੰਸ ਅਨੁਸਾਰ :

> "ਘੱਟੋ-ਘੱਟ ਦੋ ਅਸਲੀ ਜਾਂ ਗਲਪੀ ਘਟਨਾਵਾਂ ਜਾਂ ਹਾਲਾਤਾਂ ਦੀ ਕਾਲ - ਤਰਤੀਬ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ।"[31]

ਇੱਕ ਕਲਾਕਾਰ ਤੋਂ ਬਿਨਾਂ ਬਿਰਤਾਂਤ ਸੰਭਵ ਨਹੀਂ ਹੁੰਦਾ, ਬੋਲਣ ਵਾਲਾ ਸੁਣਨ ਵਾਲੇ ਨੂੰ ਮੁਖ਼ਾਤਬ ਹੁੰਦਾ ਹੈ। ਬਿਰਤਾਂਤ ਵਿੱਚ ਇੱਕ ਵਕਤਾ ਸਰੋਤੇ ਨੂੰ ਆਪਣਾ ਸੁਨੇਹਾ ਸੰਚਾਰ ਕਰਦਾ ਹੈ। ਬਿਰਤਾਂਤ ਸੁਣਨ-ਸੁਣਾਉਣ ਅਤੇ ਪੜਨ-ਲਿਖਣ ਵਿੱਚ ਪਾਠਕ ਅਤੇ ਲੇਖਕ ਦਾ ਗੂੜ੍ਹਾ ਸੰਬੰਧ ਹੁੰਦਾ ਹੈ। ਜੋ ਕੁਝ ਵਕਤਾ ਜਾਂ ਲੇਖਕ ਸੁਣਾਉਣਾ ਚਾਹੁੰਦਾ ਹੈ ਪਾਠਕ ਜਾਂ ਫਿਰ ਸਰੋਤਾ ਉਹੀ ਕੁਝ ਸੁਣਦਾ ਹੈ। ਜੋਨਾਥਨ ਕੂਲਰ ਕਹਿੰਦਾ ਹੈ ਕਿ:

> "ਪਾਠਕ ਲੇਖਕ ਰਾਹੀਂ Encode ਕੀਤੇ ਸੰਦੇਸ਼ ਨੂੰ Decode ਕਰਕੇ ਪੁਨਰ ਸਿਰਜਣਾ ਰਾਹੀਂ ਹੀ ਅਰਥ ਗ੍ਰਹਿਣ ਕਰਦਾ ਹੈ।"[32]

ਬਿਰਤਾਂਤ ਕਿਉਂਕਿ ਮਨੁੱਖ ਦੁਆਰਾ ਸਿਰਜੀ ਇੱਕ ਪ੍ਰਗਟਾਅ ਵਿਧੀ ਹੈ। ਬਿਰਤਾਂਤ ਨੂੰ ਦੋ ਵਰਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਇਤਿਹਾਸਕ ਬਿਰਤਾਂਤ ਅਤੇ ਗਲਪੀ ਬਿਰਤਾਂਤ। ਇਤਿਹਾਸਕ ਬਿਰਤਾਂਤ ਵਿੱਚ ਵਾਸਤਵਿਕ ਵਿਅਕਤੀਆਂ ਅਤੇ ਸੱਚੀਆਂ ਘਟਨਾਵਾਂ ਦਾ ਵੇਰਵਾ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ ਅਤੇ ਗਲਪੀ ਬਿਰਤਾਂਤ ਕਲਪਨਾ ਦੁਆਰਾ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਸੁਖਪਾਲ ਸਿੰਘ ਅਨੁਸਾਰ:

> "ਬਿਰਤਾਂਤ ਦੀ ਮੌਜੂਦਗੀ ਭਾਵੇਂ ਪ੍ਰਾਚੀਨਤਮ ਮਨੁੱਖੀ ਵਰਤਾਰੇ ਵਿੱਚ ਵਿਦਮਾਨ ਰਹੀ ਹੈ ਪਰੰਤੂ ਬਿਰਤਾਂਤ ਸ਼ਾਸਤਰੀ, ਬਿਰਤਾਂਤ ਸ਼ਾਸਤਰ ਦਾ ਆਰੰਭ ਬਿੰਦੂ ਕਥਾ ਅਤੇ ਕਥਾਨਕ ਦੇ ਉਸ ਨਿਖੇੜ ਨੂੰ ਮੰਨਦੇ ਹਨ ਜੋ ਅੱਜ ਤੋਂ ਲਗਭਗ 175 ਸਾਲ ਪਹਿਲਾਂ ਈ.ਐਮ. ਫੋਸਟਰ ਰਾਹੀਂ 1926 ਵਿੱਚ ਉਜਾਗਰ ਹੋਇਆ।[33]

ਬਿਰਤਾਂਤ ਮਨੁੱਖੀ ਪ੍ਰਗਟਾਉ ਦਾ ਸਾਧਨ ਹੈ। ਇਹ ਭਾਸ਼ਾਈ ਅਤੇ ਗੈਰ ਭਾਸ਼ਾਈ ਦੋਵੇਂ ਤਰ੍ਹਾਂ ਦਾ ਹੋ ਸਕਦਾ ਹੈ। "ਇਸ ਦਾ ਅਧਿਐਨ ਵਿਸ਼ਲੇਸ਼ਣ ਭਾਸ਼ਾ ਰਾਹੀਂ ਹੀ ਹੁੰਦਾ ਹੈ।"[34] ਹਰ ਇੱਕ ਕਥਾ ਵਿੱਚ ਛੋਟੀਆਂ-ਛੋਟੀਆਂ ਘਟਨਾਵਾਂ ਹੁੰਦੀਆਂ ਹਨ ਜੋ ਕਿ ਕਿਸੇ ਨਾ ਕਿਸੇ ਸਮੇਂ ਵਿੱਚ ਘਟੀਆਂ ਹੁੰਦੀਆਂ ਹਨ। ਇਹ

ਘਟਨਾਵਾਂ ਵਿਸ਼ੇਸ਼ ਸੰਬੰਧਾਂ ਅਤੇ ਨਿਯਮਾਂ ਅਧੀਨ ਜੁੜ ਕੇ ਇੱਕ ਤਰਤੀਬ ਸਿਰਜਦੀਆਂ ਹਨ। ਘਟਨਾਵਾਂ ਦੀ ਚੋਣ ਅਤੇ ਕ੍ਰਮ ਸਿਰਜਣਾ ਵਿੱਚ ਪਾਤਰ ਹਮੇਸ਼ਾ ਹੀ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਕਥਾ ਵਿੱਚ ਲੰਮੇਂ ਸਮੇਂ ਦੀ ਪੇਸ਼ਕਾਰੀ ਬਿਰਤਾਂਤ ਵਿੱਚ ਸੰਖੇਪ ਰੂਪ ਵਿੱਚ ਕੀਤੀ ਜਾਂਦੀ ਹੈ। ਬਿਰਤਾਂਤ ਨੂੰ ਵਿਉਂਤਣ ਅਤੇ ਪ੍ਰਗਟਾਉਣ ਦਾ ਮਾਧਿਅਮ ਇੱਕ ਵਕਤਾ ਹੁੰਦਾ ਹੈ ਪਰ ਬਿਰਤਾਂਤ ਵਿੱਚ ਇਹ ਜ਼ਰੂਰੀ ਨਹੀਂ ਹੁੰਦਾ ਕਿ ਬਿਰਤਾਂਤਕਾਰ ਤੇ ਅਸਲ ਲੇਖਕ ਇੱਕ ਹੀ ਹੋਣ। ਕੋਈ ਵੀ ਇੱਕ ਕਥਾ ਵਿੱਚ ਇਹ ਕਾਰਜ ਨਿਭਾ ਸਕਦਾ ਹੈ। ਕਹਾਣੀ ਵਿੱਚ ਵਾਪਰੀ ਘਟਨਾ ਬਾਰੇ ਚਾਹੇ ਕਹਾਣੀਕਾਰ ਖ਼ੁਦ ਦੱਸੇ ਜਾਂ ਫਿਰ ਉਸ ਦੁਆਰਾ ਘੜਿਆ ਪਾਤਰ ਦੱਸੇ ਪਰ ਘਟਨਾ ਵਿੱਚ ਕੀਤੀ ਜਾਂਦੀ ਚੋਣ ਅਤੇ ਘਟਨਾਵਾਂ ਨੂੰ ਵਿਸ਼ੇਸ਼ ਤਰਤੀਬ ਵਿੱਚ ਜੋੜਨ ਬੀੜਨ ਸਮੇਂ ਦੋਵਾਂ ਪੱਧਰਾਂ ਉੱਤੇ ਕਹਾਣੀਕਾਰ ਦੀ ਰਚਨਾ ਦ੍ਰਿਸ਼ਟੀ ਦੀ ਮਹੱਤਤਾ ਹੁੰਦੀ ਹੈ।

ਕਹਾਣੀਕਾਰ ਦਾ ਦ੍ਰਿਸ਼ਟੀਕੋਣ ਬਿਰਤਾਂਤਕਾਰ ਦੀ ਸਥਿਤੀ ਨੂੰ ਨਿਰਧਾਰਤ ਕਰਦਾ ਹੈ। ਕਹਾਣੀ ਰਚਨਾ ਵਿੱਚ ਬਿਰਤਾਂਤਕਾਰ ਪਾਤਰਾਂ ਦੀ ਘਾੜਤ ਰਾਹੀਂ ਸਮਾਜ ਵਿੱਚ ਘਾਟ ਰਹੀਆਂ ਘਟਨਾਵਾਂ ਜਾਂ ਵਿਚਰ ਰਹੇ ਵਿਅਕਤੀ ਜਾਂ ਵਿਅਕਤੀ ਸਮੂਹ ਦੀ ਵਿਸ਼ੇਸ਼ ਕਾਲ ਖੰਡ ਅਤੇ ਸਥਾਨ ਵਿੱਚ ਪੇਸ਼ਕਾਰੀ ਕਰਦਾ ਹੈ। ਇੱਕ ਬਿਰਤਾਂਤਕਾਰ ਕਹਾਣੀਕਾਰ ਦੇ ਦ੍ਰਿਸ਼ਟੀਕੋਣ ਦੀ ਹੀ ਪ੍ਰਤਿਨਿਧਤਾ ਕਰਦਾ ਹੈ। ਇੱਕ ਬਿਰਤਾਂਤਕਾਰ ਪਾਤਰਾਂ ਦੇ ਮਨਾਂ ਵਿੱਚ ਉਤਰ ਕੇ ਉਹਨਾਂ ਦੇ ਮਨੋਭਾਵਾਂ ਵਿਚਾਰਾਂ ਦਾ ਪ੍ਰਵਕਤਾ ਹੋ ਨਿਬੜਦਾ ਹੈ।

ਕਹਾਣੀ ਕਿਉਂਕਿ ਬਿਰਤਾਂਤੀ ਕਲਾ ਹੈ। ਇਸ ਲਈ ਲੇਖਕ ਦੀ ਸ਼ੈਲੀ ਸਰਲ ਸਾਦੀ ਅਤੇ ਭਾਵਪੂਰਤ ਹੋਣੀ ਚਾਹੀਦੀ ਹੈ। ਇਸ ਨਾਲ ਲੇਖਕ ਦਾ ਵਰਣਨ ਢੰਗ ਕਿਸੇ ਘਟਨਾ ਨੂੰ ਬਹੁਤ ਹੀ ਸੁਆਦਲਾ ਅਤੇ ਖਿੱਚਦਾਇਕ ਬਣਾ ਸਕਦਾ ਹੈ। ਅਮਰਜੀਤ ਕੌਰ ਅਨੁਸਾਰ :

> "ਕਹਾਣੀ ਵਿੱਚ ਰੋਚਕਤਾ ਨੂੰ ਚਮਕਾਉਣ ਵਾਲੀ ਲੇਖਕ ਦੀ ਆਪਣੀ ਲਿਖਣ ਸ਼ੈਲੀ ਹੁੰਦੀ ਹੈ। ਕਹਾਣੀ ਕਲਾ ਬਿਰਤਾਂਤੀ ਕਲਾ ਹੈ। ਇਸ ਲਈ ਕਿਸੇ ਲੇਖਕ ਦਾ ਵਰਣਨ ਢੰਗ ਉਸ ਘਟਨਾ ਨੂੰ ਬਹੁਤ ਹੀ ਸੁਆਦਲੀ ਤੇ ਖਿੱਚ ਪੂਰਤ ਬਣਾ ਸਕਦਾ ਹੈ। ਚੰਗਾ ਸ਼ੈਲੀਕਾਰ ਆਪਣੀ ਵਾਰਤਾ ਦੇ ਸੁਭਾਅ ਅਨੁਸਾਰ ਲਿਖਣ ਸ਼ੈਲੀ ਨੂੰ ਇਸ ਤਰ੍ਹਾਂ ਢਾਲਦਾ ਹੈ ਕਿ ਮੱਲੋਮੱਲੀ ਉਹ ਚੌਗਿਰਦਾ ਜਾਂ ਵਾਯੂਮੰਡਲ ਉਘੜ-ਉਘੜ ਪੈਂਦਾ ਹੈ। ਇਸਦੇ ਉਲਟ ਜਿਸ ਲੇਖਕ ਦੀ ਸ਼ੈਲੀ ਫੁਸਫੁਸੀ, ਢਿੱਲੀ, ਔਖੀ ਜਾਂ ਗੁੰਝਲਦਾਰ ਹੋਵੇਗੀ। ਉਸ ਰਾਹੀਂ ਕਈ ਵਾਰ ਚੰਗੀਆਂ ਤੇ ਸੁਆਦਲੀਆਂ ਘਟਨਾਵਾਂ ਨੂੰ ਬੇ-ਸੁਆਦ ਤੇ ਕਿਰਕਿਰਾ ਕਰ ਦਿੱਤਾ ਜਾਂਦਾ ਹੈ।"[35]

ਨਿੱਕੀ ਕਹਾਣੀ ਦੀ ਸ਼ੈਲੀ ਨੂੰ ਚਾਰ ਸ਼੍ਰੇਣੀਆਂ ਵਰਣਾਤਮਕ ਸ਼ੈਲੀ, ਆਤਮ-ਚਰਿਤ ਸ਼ੈਲੀ, ਵਾਰਤਾਲਾਪੀ ਸ਼ੈਲੀ ਅਤੇ ਚਰਿੱਤਰ ਚਿਤਰਣ ਸ਼ੈਲੀ ਵਿੱਚ ਵੰਡਿਆ ਗਿਆ ਹੈ। ਰਵਿੰਦਰ ਰਵੀ ਨੇ ਆਪਣੀਆਂ ਕਹਾਣੀਆਂ ਵਿੱਚ ਚਾਰੋਂ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਉਸਨੇ ਹਰ ਸ਼ੈਲੀ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਇਹਨਾਂ ਵਿੱਚੋਂ ਰਵੀ ਨੇ ਜ਼ਿਆਦਾਤਰ ਵਰਣਾਤਮਕ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਸ਼ੈਲੀ ਵਿੱਚ ਘਟਨਾ, ਪ੍ਰਕਿਰਤੀ ਵਰਣਨ, ਮਾਨਸਿਕ ਜਟਿਲਤਾਵਾਂ ਅਤੇ ਆਰਥਿਕ ਵਿਸ਼ਿਆਂ ਨਾਲ ਸੰਬੰਧਤ ਕਹਾਣੀਆਂ ਆਉਂਦੀਆਂ ਹਨ। ਉਸ ਦੀਆਂ ਕਹਾਣੀਆਂ ਪਾਤਰਾਂ ਨਾਲ ਨਹੀਂ ਬਲਕਿ ਪਾਤਰਾਂ ਦੇ ਜ਼ਿਹਨ ਵਿੱਚ ਵਾਪਰਦੀਆਂ ਹਨ। ਇਹੋ ਕਾਰਨ ਹੈ ਕਿ ਉਹ ਵਰਣਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ। 'ਯੱਕਾ', 'ਦਾਲ ਉਬਲ ਗਈ', 'ਪਾਸਪੋਰਟ', 'ਦੂਸਰਾ ਜਨਮ', 'ਜੱਦੋ-ਜਹਿਦ', 'ਬਟਵਾਰਾ', 'ਰੋਹ ਦੀ ਸ਼ੈਲੀ', 'ਤਾਰਿਆਂ ਵਾਲਾ ਦੇਸ਼', 'ਕੰਪਿਊਟਰ ਕਲਚਰ', 'ਐਵਰੀ ਮੈਨਜ਼ ਵਾਟਰ', 'ਦਲਦਲ', 'ਈਡੀਪਸ ਦਾ ਪਿਉ' ਆਦਿ ਕਹਾਣੀਆਂ ਵਰਣਾਤਮਕ ਸ਼ੈਲੀ ਵਿੱਚ ਹੀ ਹਨ।

ਆਤਮਚਰਿਤ ਸ਼ੈਲੀ ਵਿੱਚ ਲੇਖਕ ਕਿਸੇ ਪਾਤਰ ਨੂੰ ਮੈਂ ਦੇ ਰੂਪ ਵਿੱਚ ਚਿਤਰਦਾ ਹੈ ਅਤੇ ਕਹਾਣੀ ਨੂੰ ਬਿਆਨ ਵਿਧੀ ਦੁਆਰਾ ਕਿਸੇ ਨੁਕਤੇ ਤੱਕ ਲੈ ਜਾਂਦਾ ਹੈ। ਇਸ ਸ਼ੈਲੀ ਵਿੱਚ ਰਵੀ ਨੇ 'ਹਉਮੈ', 'ਸ਼ੀਸ਼ੇ ਵਾਲੀ ਚਿੜੀ', 'ਮੈਂ ਕਿੰਨਾ ਖੁਸ਼ ਹਾਂ', 'ਪੌਟ ਲੱਕ', 'ਈਸ਼ਵਰੀ ਰਿਸ਼ਤੇ', 'ਖੁੱਲੀ ਕਿਤਾਬ' ਆਦਿ ਕਹਾਣੀਆਂ ਲਿਖੀਆਂ ਹਨ।

ਕਿਤੇ-ਕਿਤੇ ਰਵਿੰਦਰ ਰਵੀ ਨਾਟਕੀ ਅੰਦਾਜ਼ ਵਿੱਚ ਪਾਤਰਾਂ ਦੀ ਗੱਲਬਾਤ ਕਰਵਾਉਂਦਾ ਹੈ। ਜਿਵੇਂ 'ਕਿੱਲਾ' ਕਹਾਣੀ ਸਾਰੀ ਦੀ ਸਾਰੀ ਵਾਰਤਾਲਾਪੀ ਸ਼ੈਲੀ ਵਿੱਚ ਲਿਖੀ ਹੋਈ ਹੈ। ਇਸ ਵਿੱਚ ਇਸ ਦੇ ਪਾਤਰ ਦੀਪਕ ਅਤੇ ਰੌਸ਼ਨੀ ਵਾਰਤਾਲਾਪੀ ਸ਼ੈਲੀ ਰਾਹੀਂ ਗੱਲਬਾਤ ਕਰਦੇ ਅਤੇ ਕਹਾਣੀ ਨੂੰ ਅੱਗੇ ਤੋਰਦੇ ਹਨ। ਜਿਵੇਂ :

> "ਇੱਕ ਗੱਲ ਪੁੱਛਾਂ, ਰੌਸ਼ਨੀ?"
>
> "ਪੁੱਛ ਦੀਪਕ।"
>
> "ਚਲ, ਸੜਕ ਵਿੱਚ ਕਿੱਲਾਂ ਗੱਡ ਦੇਈਏ, ਮੋਟੀਆਂ-ਮੋਟੀਆਂ ਕਿੱਲਾਂ।"
>
> "ਉਹ ਕਿਉਂ?"
>
> "ਤਾਂ ਕਿ ਟਾਇਰਾਂ 'ਤੇ ਤੇਜ਼ ਰਫ਼ਤਾਰ ਭੱਜੀ ਜਾਂਦੀ ਜ਼ਿੰਦਗੀ ਬਰਸਟ (ਫਟ) ਹੋ ਸਕੇ।"[36]

ਵਾਰਤਾਲਾਪੀ ਸ਼ੈਲੀ ਵਿੱਚ ਰਵੀ ਦੀਆਂ ਇਸ ਤੋਂ ਇਲਾਵਾ 'ਤਬੇਲਾ', 'ਜਦੋਂ ਸੁਤੰਤਰਤਾ ਦਰਸ਼ਨ ਦੇਵੇ', 'ਹੁਸ਼ਿਆਰ ਹੋ ਜਾਓ', 'ਅੰਦਰ ਵੱਲ ਖੁਲਦਾ ਬੂਹਾ', 'ਪੈਰਿਸ ਦੀ ਕੁੜੀ', 'ਜੁਰਮ ਦੇ ਪਾਤਰ',

'ਇਕਾਈ ਤੋਂ ਲੋਕਾਈ ਵੱਲ', 'ਉਹਲਿਆਂ ਦੇ ਆਰ ਪਾਰ', 'ਮਾਨਸਕ ਹਾਣ ਦਾ ਸਾਥ' ਆਦਿ ਬਹੁਤ ਸਾਰੀਆਂ ਕਹਾਣੀਆਂ ਰਚੀਆਂ ਗਈਆਂ ਹਨ।

ਚਰਿੱਤਰ ਚਿਤਰਣ ਬਿਰਤਾਂਤਿਕ ਜੁਗਤਾਂ ਦਾ ਇੱਕ ਹੋਰ ਅਹਿਮ ਪੱਖ ਹੈ। ਲੇਖਕ ਨੇ ਕਹਾਣੀ ਰਚਨਾ ਦਾ ਸਮੁੱਚਾ ਪਸਾਰਾ ਪਾਤਰਾਂ ਦੇ ਸੁਭਾਅ, ਬੋਲਚਾਲ, ਦਿੱਖ, ਵਿਵਹਾਰ ਅਤੇ ਸ਼ਖ਼ਸੀਅਤ ਦੇ ਵਿਭਿੰਨ ਪੱਖਾਂ ਨੂੰ ਦਰਸਾ ਕੇ ਸਿਰਜਣਾ ਹੁੰਦਾ ਹੈ। ਰਵਿੰਦਰ ਰਵੀ ਦੀਆਂ ਕਹਾਣੀਆਂ 'ਖੁੱਲੀ ਬੋਤਲ', 'ਜੁਰਮ ਦੇ ਪਾਤਰ', 'ਮਾਨਸ ਜਨਮ', 'ਨਯਾਕੇਰੈਂਗਾ', 'ਸਮੁੰਦਰ ਤੇ ਰੇਤ', 'ਪੈੱਟ ਕਲਚਰ', 'ਦੋਗਲੇ', 'ਚੱਕ੍ਰਵਯੂਹ ਦੇ ਅੰਦਰ ਚੱਕ੍ਰਵਯੂਹ ਤੋਂ ਬਾਹਰ' ਵਿੱਚ ਚਰਿਤਰ ਚਿਤਰਣ ਲਈ ਅਪਨਾਈਆਂ ਜੁਗਤਾਂ ਦੀ ਵੰਨਸੁਵੰਨਤਾ ਵੇਖੀ ਜਾ ਸਕਦੀ ਹੈ। ਮਿਸਾਲ ਵਜੋਂ 'ਜੁਰਮ ਦੇ ਪਾਤਰ' ਕਹਾਣੀ ਵਿੱਚ ਉਹ ਲਿਖਦਾ ਹੈ :

> ਕਪਿਲ ਦੀ ਪਤਨੀ ਬੜੀ ਕੁਲਹਿਣੀ, ਕੁਲੱਛਣੀ, ਕੁੱਚਜੀ, ਕੁਹਜੀ, ਅਨਪੜ੍ਹ ਅਤੇ ਅਸਭਿਆ ਸੀ। ਆਬਨੂਸੀ ਰੰਗ, ਭੱਦੇ ਨਕਸ਼, ਮੋਟੇ-ਮੋਟੇ ਬੁੱਲ, ਡ਼ੀਖਾਂ ਵਰਗੀਆਂ ਅੱਖਾਂ, ਫੀਨਾ ਨੱਕ ਅਤੇ ਬੇਡੋਲ ਸਰੀਰ। ਜਦੋਂ ਰੌਂਅ ਵਿੱਚ ਆ ਕੇ ਨਰਮੀਂ ਨਾਲ ਬੋਲਣ ਦਾ ਯਤਨ ਵੀ ਕਰਦੀ ਤਾਂ ਇੰਝ ਜਾਪਦਾ ਜਿਵੇਂ ਝਗੜ ਰਹੀ ਹੋਵੇ। ....... ਨਾ ਉਸ ਨੂੰ ਬੈਠਣ ਦਾ ਚੱਜ ਸੀ ਨਾ ਬੋਲਣ ਦਾ ਸਲੀਕਾ, ਨਾ ਤੁਰਨ ਦੀ ਜਾਚ। ਉਹ ਬਿਲਕੁਲ ਉਜੱਡ ਤੇ ਜਾਹਲ ਸੀ ........... ਪੜਾਈ ਵਿੱਚ ਕਪਿਲ ਬੜਾ ਹੁਸ਼ਿਆਰ ਸੀ। ਇਸੇ ਲਈ ਉਸ ਦੇ ਮਾਪਿਆਂ ਨੇ ਲੜਕੀ ਵਾਲਿਆਂ ਦੇ ਜ਼ੋਰ ਦੇਣ 'ਤੇ ਵੀ ਕਪਿਲ ਦੀ ਪੜਾਈ ਵਿੱਚ ਗ੍ਰਹਿਸਥ ਜੀਵਨ ਦਾ ਵਿਘਨ ਨਾ ਪੈਣ ਦਿੱਤਾ। ਕਾਲਜ ਦੀ ਪੜਾਈ ਖਤਮ ਕਰਨ ਉਪਰੰਤ ਉਸ ਨੇ ਕਾਮਰਸ ਦੀ ਡਿਗਰੀ ਪ੍ਰਾਪਤ ਕੀਤੀ ਤੇ ਫਿਰ ਇੱਕ ਵੱਡੀ ਬਿਜਨਸ ਫ਼ਰਮ ਦਾ ਮੈਨੇਜਰ ਨਿਯੁਕਤ ਹੋ ਗਿਆ।[37]

ਤੁਲਨਾਤਮਕ ਸ਼ੈਲੀ ਵਿੱਚ ਚਰਿੱਤਰ ਚਿਤਰਣ ਦੀ ਇਹ ਬਹੁਤ ਵਧੀਆ ਉਦਾਹਰਣ ਹੈ। ਇਸ ਸ਼ੈਲੀ ਰਾਹੀਂ ਕਹਾਣੀ ਵਿਚਲੀ ਪਾਤਰ ਦਾ ਚਰਿੱਤਰ ਉਘੜ ਕੇ ਪਾਠਕਾਂ ਦੇ ਸਨਮੁਖ ਹੋ ਜਾਂਦਾ ਹੈ।

ਰਵਿੰਦਰ ਰਵੀ ਦੀ ਕਹਾਣੀ ਇਕਹਿਰੀ ਸੰਰਚਨਾ ਵਾਲੀ ਕਹਾਣੀ ਹੈ। ਆਮ ਤੌਰ ਤੇ ਕਿਸੇ ਵੀ ਕਹਾਣੀ ਵਿੱਚ ਇੱਕ ਤੋਂ ਵਧੇਰੇ ਘਟਨਾਵਾਂ ਵਾਪਰ ਸਕਦੀਆਂ ਹਨ ਪਰ ਰਵੀ ਦੀਆਂ ਕਹਾਣੀਆਂ ਜ਼ਿਆਦਾਤਰ ਇਕਹਿਰੀਆਂ ਹਨ ਅਤੇ ਉਸ ਦੀ ਕਹਾਣੀ ਇੱਕੋ ਘਟਨਾ ਦੇ ਆਲੇ ਦੁਆਲੇ ਉਸਰਦੀ ਹੈ। ਉਸਦੀ ਕਹਾਣੀ ਸੀਮਤ ਜਿਹੇ ਪਾਤਰਾਂ ਨਾਲ ਬਹੁਤੀ ਵਾਰ ਇੱਕ ਹੀ ਘਟਨਾ ਦੇ ਆਲੇ-ਦੁਆਲੇ ਉਸਰਦੀ ਹੈ।

ਰਵਿੰਦਰ ਰਵੀ ਦੀ ਕਹਾਣੀ ਜਟਿਲ ਨਹੀਂ ਅਤੇ ਨਾ ਹੀ ਲੰਬੀ ਹੈ। ਕਹਾਣੀ ਨੂੰ ਉਘਾੜਨ ਲਈ ਉਹ ਬਹੁਤਾ ਵਿਸਤਾਰ ਨਹੀਂ ਸਿਰਜਦਾ। ਕੁਝ ਕੁ ਕਹਾਣੀਆਂ ਨੂੰ ਛੱਡ ਕੇ ਬਾਕੀ ਕਹਾਣੀਆਂ ਵਿੱਚ ਭੌਂ ਦ੍ਰਿਸ਼ਾਂ ਦੀ ਪੇਸ਼ਕਾਰੀ ਬਹੁਤੀ ਗੂੜ੍ਹੀ ਨਹੀਂ ਬਲਕਿ ਵਿਅਕਤੀਗਤ ਰਿਸ਼ਤਿਆਂ ਨੂੰ ਰਵਿੰਦਰ ਰਵੀ ਦੀ ਕਹਾਣੀ ਜ਼ਿਆਦਾ ਪੇਸ਼ ਕਰਦੀ ਹੈ। ਰਵਿੰਦਰ ਰਵੀ ਦੀ ਕਹਾਣੀ ਨੂੰ ਪੜ੍ਹ ਕੇ ਅਸੀਂ ਜ਼ਿਆਦਾਤਰ ਇਹ ਅੰਦਾਜ਼ਾ ਨਹੀਂ ਲਾ ਪਾਉਂਦੇ ਕਿ ਉਸਨੇ ਇਹ ਕਹਾਣੀ ਕਿਹੜੇ ਮੁਲਕ ਵਿੱਚ ਲਿਖੀ ਹੈ। ਰਵਿੰਦਰ ਰਵੀ ਦੇ ਖੁਦ ਦੇ ਬਿਆਨ ਕਰਨ ਤੇ ਹੀ ਇਹ ਪਤਾ ਚਲਦਾ ਹੈ ਕਿ ਉਸਨੇ ਕਿਸ ਸਮੇਂ ਕਿਹੜੇ ਕਹਾਣੀ ਸੰਗ੍ਰਹਿ ਦੀ ਰਚਨਾ ਕੀਤੀ। ਇਸ ਦਾ ਮੁਖ ਕਾਰਨ ਇਹ ਹੀ ਹੋ ਸਕਦਾ ਹੈ ਕਿ ਉਸਦੀ ਕਹਾਣੀ ਉਸ ਦੇਸ਼ ਦੇ ਵਾਯੂਮੰਡਲ ਜਾਂ ਵਾਤਾਵਰਨ ਨੂੰ ਸਿਰਜਣ ਦੀ ਥਾਂ ਆਪਣਾ ਸਾਰਾ ਫੋਕਸ ਮਨੁੱਖ ਦੀ ਵਿਅਕਤੀਗਤ ਸੋਚ ਤੇ ਕੇਂਦਰਿਤ ਰੱਖਦੀ ਹੈ। ਜਿਸ ਕਰਕੇ ਇਨ੍ਹਾਂ ਸਭ ਗੱਲਾਂ ਨੂੰ ਨਿਗੁਣੀਆਂ ਕਰਾਰ ਦਿੰਦਾ ਹੋਇਆ ਉਹ ਆਪਣਾ ਧਿਆਨ ਜੀਵਨ ਸ਼ੈਲੀ ਉੱਤੇ ਹੀ ਕੇਂਦਰਿਤ ਕਰਦਾ ਹੈ।

ਕਿਸੇ ਵੀ ਬਿਰਤਾਂਤਕ ਵਿਧਾ ਵਿੱਚ ਪਾਤਰ ਇੱਕ ਅਹਿਮ ਤੱਤ ਹੈ। ਪਾਤਰਾਂ ਤੋਂ ਬਿਨਾਂ ਸਾਹਿਤ ਦੇ ਕਿਸੇ ਰੂਪ ਨੂੰ ਵੀ ਚੰਗੀ ਤਰ੍ਹਾਂ ਉਘਾੜਿਆ ਨਹੀਂ ਜਾ ਸਕਦਾ। ਕਿਉਂਕਿ ਕਹਾਣੀ ਵਿੱਚ ਘਟਨਾਵਾਂ ਪਾਤਰਾਂ ਨਾਲ ਹੀ ਵਾਪਰਦੀਆਂ ਹਨ। ਇਸ ਕਰਕੇ ਕਹਾਣੀ ਵਿੱਚ ਪਾਤਰ ਅਤੇ ਘਟਨਾ ਇੱਕ ਦੂਜੇ ਨਾਲ ਅੰਤਰ ਸੰਬੰਧਤ ਹੋ ਜਾਂਦੇ ਹਨ। ਇਹ ਦੋਨੋਂ ਸਮੇਂ ਅਤੇ ਸਥਾਨ ਦੀਆਂ ਸੀਮਾਵਾਂ ਵਿੱਚ ਵਿਚਰਦੇ ਹਨ। ਰੋਲਾ ਬਾਰਤ ਅਨੁਸਾਰ :

> "ਘਟਨਾਵੀਂ ਕ੍ਰਮ ਨੂੰ ਵਿਉਂਤਣ ਲਈ ਪਾਤਰਾਂ ਦੀ ਆਵਸ਼ਕਤਾ ਹੈ ਕਿਉਂਕਿ ਘਟਨਾਵਾਂ ਦਾ ਘਟਨਾ ਅਤੇ ਸਮੇਂ ਵਿੱਚ ਕਿਸੇ ਸਥਾਨ ਤੇ ਵਾਪਰਨਾ ਕਿਸੇ ਕਾਰਿੰਦੇ ਦੀ ਹੋਂਦ ਨਾਲ ਸੰਬੰਧਤ ਵਰਤਾਰਾ ਹੈ। ਦੁਨੀਆਂ ਦਾ ਕੋਈ ਵੀ ਬਿਰਤਾਂਤ ਪਾਤਰਾਂ ਤੋਂ ਬਿਨਾਂ ਨਹੀਂ। ਕਿਸੇ ਬਿਰਤਾਂਤਕ ਸੰਗਠਨ ਵਿੱਚ ਪਾਤਰ ਇੱਕ ਕਾਰਿੰਦਾ ਹੈ।"[38]

ਇਸ ਤਰ੍ਹਾਂ ਬਿਰਤਾਂਤ ਇੱਕ ਅਜਿਹੀ ਵਿਉਂਤ ਹੈ ਜਿਹੜੀ ਘਟਨਾਵਾਂ ਨੂੰ ਇੱਕ ਤਰਤੀਬ ਵਿੱਚ ਰੱਖਦੀ ਹੈ ਅਤੇ ਕਾਰਜ ਦੀ ਪੇਸ਼ਕਾਰੀ ਲਈ ਚਰਿਤਰਾਂ ਦਾ ਨਿਰਮਾਣ ਕਰਦੀ ਹੈ। ਬਿਰਤਾਂਤਕ ਸੰਗਠਨ ਵਿੱਚ ਪਾਤਰ ਮੁੱਖ ਭੂਮਿਕਾ ਨਿਭਾਉਂਦਾ ਹੈ। ਬਿਰਤਾਂਤ ਵਿੱਚ ਘਟਨਾਵਾਂ ਤੇ ਪਾਤਰ ਅੰਤਰ ਸੰਬੰਧਤ ਹਨ। ਬਿਰਤਾਂਤ ਜਦੋਂ ਚਲ ਰਿਹਾ ਹੁੰਦਾ ਹੈ ਤਾਂ ਇੱਕ ਪਾਠਕ ਜਾਂ ਸਰੋਤਾ ਇਹੋ ਜਾਣਨ ਦਾ ਇੱਛੁਕ ਹੁੰਦਾ ਹੈ ਕਿ ਅੱਗੇ ਕੀ ਹੈ? ਕਿਸ ਨਾਲ ਕੀ ਵਾਪਰਿਆ? ਕਹਾਣੀ ਵਿੱਚ ਘਟਨਾਵਾਂ ਦਾ ਵਰਣਨ ਕਾਲ ਕ੍ਰਮ ਅਨੁਸਾਰ ਹੁੰਦਾ ਹੈ। ਪਰ ਬਿਰਤਾਂਤਕਾਰ ਬਿਰਤਾਂਤ ਵਿੱਚ ਪਾਠਕ ਦੀ ਅੱਗੇ ਜਾਣਨ ਦੀ ਉਤਸੁਕਤਾ ਨੂੰ ਹੋਰ ਤੀਖਣ ਕਰਨ ਹਿਤ ਕਾਲ ਕ੍ਰਮ ਨੂੰ ਤੋੜ ਵੀ ਸਕਦਾ ਹੈ। ਘਟਨਾਵਾਂ ਵਿੱਚ ਜ਼ਿਆਦਾਤਰ ਭੂਤਕਾਲ ਦਾ ਹੀ ਵਰਣਨ ਹੁੰਦਾ ਹੈ। ਇਸ ਲਈ

ਕਈ ਵਾਰ ਬਿਰਤਾਂਤਕਾਰ ਕਥਾ ਦੇ ਅੰਤ ਵਾਲੀ ਸਥਿਤੀ ਤੋਂ ਵੀ ਗੱਲ ਨੂੰ ਸ਼ੁਰੂ ਕਰਦਾ ਹੈ। ਇਸ ਪੱਖ ਤੋਂ ਰਵੀ ਦੀ ਕਹਾਣੀ 'ਦੋਗਲੇ' ਦੇਖੀ ਜਾ ਸਕਦੀ ਹੈ ਜਿਸ ਵਿੱਚ ਇੱਕ ਅਜਿਹੇ ਪਾਤਰ ਦੀ ਗੱਲ ਹੋਈ ਹੈ ਜੋ ਆਪਣੇ ਦੇਸ਼ ਧਰਮ ਨਾਲ ਅੰਤਾਂ ਦਾ ਮੋਹ ਰੱਖਦਾ ਹੈ ਪਰ ਅੰਤ ਤੇ ਇਹ ਸਭ ਤਿਆਗ ਦਿੰਦਾ ਹੈ। ਕਹਾਣੀਕਾਰ ਨੇ ਕਹਾਣੀ ਦੇ ਅੰਤ ਸਮੇਂ ਦੀ ਸਥਿਤੀ ਨੂੰ ਕਹਾਣੀ ਦੇ ਸ਼ੁਰੂ ਵਿੱਚ ਬਿਆਨ ਕੀਤਾ ਹੈ ਜਿਸ ਨਾਲ ਪਾਠਕ ਦੀ ਦਿਲਚਸਪੀ ਵਧਦੀ ਹੈ ਅਤੇ ਉਹ ਅੱਗੇ ਜਾਣਨ ਲਈ ਉਤਾਵਲਾ ਹੁੰਦਾ ਹੈ। ਹੌਲੀ-ਹੌਲੀ ਕਹਾਣੀ ਆਪਣੇ ਵਰਤਮਾਨ ਰੂਪ ਵਿੱਚ ਆਉਂਦੀ ਜਾਂਦੀ ਹੈ। ਜਿਵੇਂ ਕਹਾਣੀ ਦੇ ਸ਼ੁਰੂ ਵਿੱਚ ਪਾਤਰ ਦੀ ਸਥਿਤੀ ਨੂੰ ਕਹਾਣੀਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ :

> ਗੱਜਣ ਸਿੰਘ ਸਾਰੇ ਸ਼ਹਿਰ ਦੀ ਚਰਚਾ ਦਾ ਵਿਸ਼ਾ ਸੀ। ਸਾਰੇ ਹੈਰਾਨ ਸਨ ਕਿ ਉਸ ਨੇ ਇਹ ਕੀ ਕਰ ਲਿਆ ਹੈ? ਉਸ ਨੂੰ ਕੀ ਹੋ ਗਿਆ ਹੈ?[39]

ਰਵਿੰਦਰ ਰਵੀ ਇੱਕ ਅਜਿਹਾ ਕਹਾਣੀਕਾਰ ਹੈ ਜੋ ਪਾਤਰਾਂ ਦੇ ਅੰਦਰ ਤੱਕ ਝਾਕਣ ਦੀ ਕੋਸ਼ਿਸ਼ ਕਰਦਾ ਹੈ। ਉਹ ਬਾਹਰੀ ਸਥਿਤੀਆਂ ਨਾਲੋਂ ਪਾਤਰਾਂ ਦੇ ਮਨ ਦੀਆਂ ਅੰਦਰਲੀਆਂ ਪਰਤਾਂ ਵਲ ਵਧੇਰੇ ਦਿਲਚਸਪੀ ਰੱਖਦਾ ਹੈ ਤੇ ਇਸੇ ਕਰਕੇ ਪਾਤਰਾਂ ਦੇ ਹਾਵ ਭਾਵ ਅਤੇ ਵਲਵਲਿਆਂ ਨੂੰ ਖੁੱਲ੍ਹ ਕੇ ਪ੍ਰਗਟਾਉਂਦਾ ਹੈ। ਉਹ ਜਦੋਂ ਆਪਣੇ ਪਾਤਰਾਂ ਨੂੰ ਪਾਠਕਾਂ ਸਾਹਮਣੇ ਲਿਆਉਂਦਾ ਹੈ ਤਾਂ ਕਹਾਣੀ ਦੇ ਪਾਤਰ ਦੇ ਸੁਭਾਅ ਦਾ ਕੇਵਲ ਉਹੀ ਰੂਪ ਦਿਖਾਉਂਦਾ ਹੈ ਜੋ ਕਹਾਣੀ ਦੇ ਵਿਸ਼ੇ ਦੀ ਮੰਗ ਹੁੰਦੀ ਹੈ। ਰਵੀ ਰਵਾਇਤੀ ਪਾਤਰ ਉਸਾਰੀ ਵਾਂਗ ਪਾਤਰਾਂ ਦੇ ਜਿਸਮਾਨੀ ਰੂਪ, ਆਰਥਿਕ ਸਥਿਤੀ, ਪਰਿਵਾਰਕ ਤੇ ਸਮਾਜਿਕ ਸੰਦਰਭ ਆਦਿ ਸੰਬੰਧੀ ਕਹਾਣੀ ਵਿੱਚ ਭਰਪੂਰ ਜਾਣਕਾਰੀ ਨਹੀਂ ਦਿੰਦਾ। ਇੱਥੋਂ ਤੱਕ ਕਿ ਰਵੀ ਦੀਆਂ ਕਹਾਣੀਆਂ ਦੇ ਕਈ ਪਾਤਰਾਂ ਦੇ ਨਾਂ ਤੱਕ ਨਹੀਂ ਹੁੰਦੇ। 'ਜਿਉ ਰਹੇ ਮਰੇ ਹੋਏ ਪਲ', 'ਕੰਪਿਊਟਰ ਕਲਚਰ', 'ਮਰਿਆ ਹੋਇਆ ਆਦਮੀ', 'ਫਰੰਟ ਸੀਟ', 'ਮੈਂ ਕਿੰਨਾ ਖੁਸ਼ ਹਾਂ' ਆਦਿ ਬਹੁਤ ਸਾਰੀਆਂ ਅਜਿਹੀਆਂ ਕਹਾਣੀਆਂ ਹਨ ਜਿਨਾਂ ਦੇ ਪਾਤਰਾਂ ਦੇ ਨਾਂ ਹੀ ਨਹੀਂ ਹਨ। ਰਵੀ ਆਪਣੀਆਂ ਕਹਾਣੀਆਂ ਦੇ ਪਾਤਰਾਂ ਬਾਰੇ ਕਹਿੰਦਾ ਹੈ :

> 'ਮੇਰੇ ਕਈ ਪਾਤਰਾਂ ਦਾ ਕੋਈ ਨਾਮ ਹੀ ਨਹੀਂ ਹੈ। ਉਨ੍ਹਾਂ ਨੂੰ ਤੁਸੀਂ ਜੋ ਮਰਜ਼ੀ ਹੈ ਨਾਮ ਦੇ ਲਵੋ, ਮੈਨੂੰ ਕੋਈ ਇਤਰਾਜ਼ ਨਹੀਂ।''[40]

ਰਵਿੰਦਰ ਰਵੀ ਨੇ 'ਆਪਣੇ ਆਪਣੇ ਟਾਪੂ' ਕਹਾਣੀ ਸੰਗ੍ਰਹਿ ਵਿੱਚ ਇੱਕ ਕਹਾਣੀ 'ਅਰਥ ਢੂੰਡਦੇ ਸ਼ਬਦ' ਦਰਜ ਕੀਤੀ ਹੈ ਜਿਸ ਵਿੱਚ ਉਸ ਨੇ ਕਹਾਣੀ ਦੀ ਪਾਤਰ ਕੀਸ਼ਾ ਦੇ ਮੂੰਹੋਂ ਆਪਣੀ ਹੀ ਗੱਲ ਕਹਾਈ ਹੈ। ਕਹਾਣੀ ਵਿੱਚ ਮੈਂ ਪਾਤਰ ਕਹਿੰਦਾ ਹੈ :

ਕੀਸ਼ਾ ਨਾਮ ਸੀ ਉਸ ਦਾ ਅੱਜ ਕਲ੍ਹ। ਉਸ ਨੇ ਕਈ ਨਾਮ ਬਦਲੇ ਸਨ। ਜੇਨ, ਜੈਨਟ, ਜੇਰੀ, ਜੈਕੀ, ਕੈਥੀ, ਸ਼ੀਲਾ, ਸ਼ੈਰੀ ਤੇ ਪਤਾ ਨਹੀਂ ਹੋਰ ਕੀ ਕੀ। ਜੈਸੀ ਥਾਂ, ਜੈਸਾ ਸੰਗ ਸਾਥ, ਤੈਸਾ ਨਾਂ। ਉਂਝ ਉਸ ਦਾ ਵਿਚਾਰ ਸੀ ਕਿ ਨਾਂ ਵਿੱਚ ਕੀ ਪਿਆ ਹੈ?[41]

ਉਸ ਦੀਆਂ ਕਹਾਣੀਆਂ ਦੇ ਪਾਤਰਾਂ ਦੇ ਨਾਂ ਵੀ ਅਕਸਰ ਇੱਕ ਦੂਜੇ ਪਾਤਰ ਨਾਲ ਮਿਲਦੇ ਹਨ। ਉਸ ਦੀਆਂ ਕਹਾਣੀਆਂ 'ਗੋਰੀਆਂ ਸ਼ਹੀਦੀਆਂ', 'ਭੂਤਨਗਰ', ਅਤੇ 'ਤੇਰਾ ਸਾਲ ਦੀ ਕੰਜਰੀ' ਦੇ ਪਾਤਰਾਂ ਦੇ ਨਾਂ 'ਜੀਨ' ਹਨ। 'ਤਬੇਲਾ' ਅਤੇ 'ਖੁੱਲੀ ਬੋਤਲ' ਦੇ ਪਾਤਰਾਂ ਦੇ ਨਾਂ 'ਕੰਵਲ' 'ਇਕਾਈ ਤੋਂ ਲੋਕਾਈ ਤੱਕ', 'ਪਿੱਠ ਦੀ ਸਾਂਝ' ਦੇ ਪਾਤਰਾਂ ਦੇ ਨਾਂ 'ਜਰੋਗੇ' 'ਮਾਨਸਕ ਹਾਣ ਦਾ ਸਾਥ', 'ਈਸ਼ਵਰੀ ਰਿਸ਼ਤੇ' ਦੇ ਪਾਤਰਾਂ ਦੇ ਨਾਂ 'ਜੈਕੀ' 'ਰਿਸ਼ਤਿਆਂ ਦੇ ਆਰ ਪਾਰ', 'ਕਿੰਨੇ ਜਵਾਲਾਮੁਖੀ ਹੋਰ' ਵਿੱਚ ਵੀ ਕਈ ਪਾਤਰ ਅਜਿਹੇ ਹਨ ਜਿਨ੍ਹਾਂ ਦੇ ਨਾਂ 'ਜਾੱਨ' ਹਨ। 'ਆਪਣੇ ਆਪਣੇ ਉਹਲੇ', 'ਪੌਟ ਲੱਕ' ਦੇ ਪਾਤਰਾਂ ਦੇ ਨਾਂ 'ਲਿੰਡਾ' ਹਨ। ਇਸ ਤਰ੍ਹਾਂ ਦੀਆਂ ਕਈ ਕਹਾਣੀਆਂ ਹਨ ਜਿਨ੍ਹਾਂ ਦੇ ਪਾਤਰਾਂ ਦੇ ਨਾਂ ਆਪਸ ਵਿੱਚ ਮਿਲਦੇ ਜੁਲਦੇ ਹਨ। ਉਸਦੇ ਪਾਤਰ ਸਾਰੇ ਧਰਮਾਂ ਨਾਲ ਸੰਬੰਧਿਤ ਹਨ ਜਿਵੇਂ ਉਸਦੇ ਪਾਤਰਾਂ ਦੇ ਨਾਂ ਹਿੰਦੂ ਧਰਮ, ਮੁਸਲਿਮ, ਸਿੱਖ ਅਤੇ ਈਸਾਈ ਹਰ ਵਰਗ ਨਾਲ ਸੰਬੰਧਤ ਹਨ। ਇਸਦਾ ਕਾਰਨ ਇਹ ਹੈ ਕਿ ਉਹ ਸਾਰੇ ਸੰਸਾਰ ਨੂੰ ਇੱਕ ਹੀ ਲੋਕਾਈ ਦੇ ਰੂਪ ਵਿੱਚ ਵੇਖਦਾ ਹੈ। ਉਹ ਦੇਸ਼, ਧਰਮ ਦੀ ਵੰਡ ਨਹੀਂ ਕਰਦਾ ਬਲਕਿ ਹਰ ਧਰਮ ਨੂੰ ਇਨਸਾਨੀਅਤ ਦੇ ਧਰਮ ਨਾਲ ਵੇਖਦਾ ਹੈ। ਉਸਦੇ ਪਾਤਰ ਵੀ ਜ਼ਿਆਦਾਤਰ ਅਧਿਆਪਕੀ ਪੇਸ਼ੇ ਨਾਲ ਜੁੜੇ ਹੋਏ ਹਨ। ਇਸਦਾ ਕਾਰਨ ਸ਼ਾਇਦ ਇਹ ਹੈ ਕਿ ਉਹ ਖੁਦ ਅਧਿਆਪਕ ਸੀ ਅਤੇ ਉਸਦੇ ਸੰਪਰਕ ਵਿੱਚ ਵੀ ਜ਼ਿਆਦਾਤਰ ਉਸਦੇ ਪੇਸ਼ੇ ਨਾਲ ਸੰਬੰਧਤ ਲੋਕ ਹੀ ਆਏ। ਉਸਦੇ ਪਾਤਰਾਂ ਦੀ ਖਾਸੀਅਤ ਇਹ ਹੈ ਕਿ ਉਸ ਨੇ ਇਹ ਪਾਤਰ ਆਪਣੇ ਅਸਲ ਜੀਵਨ ਵਿੱਚੋਂ ਲਏ ਹਨ। ਬੱਸ ਉਹਨਾਂ ਪਾਤਰਾਂ ਦੇ ਸਿਰਫ ਨਾਂ ਹੀ ਬਦਲੇ ਹਨ, ਆਚਰਨ ਉਹਨਾਂ ਦਾ ਅਸਲੀ ਜੀਵਨ ਵਾਲਾ ਹੀ ਹੈ। ਜਿਵੇਂ 'ਅੰਦਰ ਵੱਲ ਖੁੱਲਦਾ ਬੂਹਾ', 'ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ', 'ਸ਼ਹਿਰ ਵਿੱਚ ਜੰਗਲ' ਆਦਿ ਕਹਾਣੀਆਂ ਦੇ ਪਾਤਰ ਉਸਨੇ ਆਪਣੀ ਅਸਲ ਜ਼ਿੰਦਗੀ ਵਿੱਚੋਂ ਹੀ ਚੁੱਕੇ ਹਨ। ਬੱਸ ਉਹਨਾਂ ਦੇ ਨਾਂ ਬਦਲ ਕੇ ਉਹਨਾਂ ਪਾਤਰਾਂ ਨੂੰ ਆਪਣੀ ਕਹਾਣੀ ਵਿੱਚ ਪੇਸ਼ ਕਰ ਦਿੱਤਾ ਹੈ। 'ਅੰਦਰ ਵੱਲ ਖੁਲ੍ਹਦਾ ਬੂਹਾ' ਦੀ ਮੁਖ ਪਾਤਰ ਮਿਸਿਜ਼ ਸਮਿੱਥ ਵੀ ਰਵੀ ਨੇ ਅਸਲੀ ਜੀਵਨ ਵਿੱਚੋਂ ਲਈ ਹੈ। ਆਪਣੀ ਸਵੈਜੀਵਨੀ 'ਮੇਰਾ ਜੀਵਨ ਮੇਰਾ ਸਾਹਿਤ ਸਾਹਿਤਕ ਸ੍ਵੈ-ਜੀਵਨੀ' ਵਿੱਚ ਰਵੀ ਕਹਿੰਦਾ ਹੈ ਕਿ :

"'ਅੰਦਰ ਵੱਲ ਖੁੱਲਦਾ ਬੂਹਾ' ਮੇਰੀ ਇੱਕ ਬਹੁਤ ਮਹੱਤਵਪੂਰਣ ਕਹਾਣੀ ਹੈ। ਇਸਦੀ ਮੁੱਖ ਪਾਤਰ ਮਿਸਿਜ਼ ਸਮਿੱਥ ਹੈ। ਉਸਦਾ ਅਸਲੀ ਨਾਂ ਅਲਿਜ਼ਬਥ ਗਿਬਜ਼ ਸੀ। ਅਸੀਂ ਉਸ ਨੂੰ ਲਿਜ਼ ਦੇ ਨਾਮ ਨਾਲ ਹੀ ਸੰਬੋਧਨ ਕਰਦੇ ਸੀ। ਕਾਮੋਦਾਈ ਹਾਈ ਸਕੂਲ ਵਿੱਚ ਉਹ ਇੱਕ ਛੁੱਟੀ ਗਏ ਅਧਿਆਪਕ ਦੀ ਥਾਂ ਆਰਜ਼ੀ ਅਧਿਆਪਿਕਾ ਦੇ ਰੂਪ ਵਿੱਚ ਆਈ ਸੀ।[42]

ਕਈ ਕਹਾਣੀਆਂ ਵਿੱਚ ਰਵੀ ਖੁਦ ਵੀ ਹਾਜ਼ਰ ਰਹਿੰਦਾ ਹੈ ਜਿਵੇਂ 'ਅਨ੍ਹੇਰਾ ਯੂਕਲਿਪਟਸ ਤੇ ਅੱਗ' ਦਾ ਮੁੱਖ ਪਾਤਰ ਰਵੀ ਖੁਦ ਹੈ। ਉਹ ਕਹਿੰਦਾ ਹੈ ਕਿ :

> "ਅਨ੍ਹੇਰਾ ਯੂਕਲਿਪਟਸ ਤੇ ਅੱਗ ਮੇਰੀ ਇੱਕ ਹੋਰ ਬੜੀ ਅਹਿਮ ਕਹਾਣੀ ਹੈ। ਇਸਦਾ ਪਾਤਰ ਮੈਂ ਆਪ ਹਾਂ। ਫਾਇਰਪਲੇਸ ਵਿੱਚ ਸਫ਼ੈਦੇ ਦੀਆਂ ਲੱਕੜਾਂ ਦੀ ਅੱਗ ਨੂੰ ਬਲਦਿਆਂ ਵੇਖਦਾ ਮੈਂ 'ਹੋਂਦ' ਅਤੇ 'ਨਿਹੋਂਦ' ਦੀਆਂ ਸੋਚਾਂ ਵਿੱਚ ਉਲਝਿਆ ਹੋਇਆ ਹਾਂ। ਮੇਰੇ ਅੰਦਰ ਉਸ ਮਿੱਤਰ-ਕੁੜੀ ਦੇ ਮਿਲਾਪ ਲਈ ਉਡੀਕ ਤੇ ਤੜਪ ਹੈ, ਜਿਸ ਦੀ ਮੈਨੂੰ ਤ੍ਰੇਹ, ਭੁੱਖ ਲੱਗੀ ਹੈ। ਸ਼ਾਇਦ ਉਹ ਮੇਰੇ ਅੰਦਰਲੀ ਔਰਤ ਦਾ ਬਾਹਰੀ ਸਰੂਪ ਹੀ ਹੈ, ਜੋ ਮੈਨੂੰ ਕਦਮ ਕਦਮ ਉੱਤੇ ਕਿਸੇ ਵੀ ਹੋਰ 'ਬਦਲ' ਵਲਾਂ ਜਾਣੋ ਰੋਕਦਾ ਹੈ।"[43]

ਕਹਾਣੀ ਵਿੱਚ ਪਾਤਰ ਬੇਸ਼ਕ ਹੱਡ ਮਾਸ ਦੇ ਜਾਪਦੇ ਹਨ ਪਰ ਉਹ ਇੱਕ ਕਹਾਣੀਕਾਰ ਦੀ ਕਲਪਨਾ ਵਿੱਚੋਂ ਹੀ ਉਸਰਦੇ ਹਨ। ਕਹਾਣੀਕਾਰ ਜ਼ਿਆਦਾਤਰ ਆਪਣੇ ਪਾਤਰਾਂ ਨੂੰ ਸਮਾਜ ਵਿੱਚੋਂ ਹੀ ਲੈਂਦਾ ਹੈ ਅਤੇ ਉਹਨਾਂ ਨੂੰ ਥੋੜੀ ਬਹੁਤੀ ਕਾਲਪਨਿਕ ਰੰਗਣ ਦੇ ਕੇ ਪਾਠਕਾਂ ਦੇ ਸਨਮੁਖ ਕਰ ਦਿੰਦਾ ਹੈ। ਇਹੀ ਸਭ ਕੁਝ ਰਵੀ ਦੀਆਂ ਕਹਾਣੀਆਂ ਵਿੱਚ ਨਜ਼ਰ ਆਉਂਦਾ ਹੈ।

ਇੱਕ ਪਾਠਕ ਨੂੰ ਕਹਾਣੀ ਦੇ ਪਾਤਰ ਦੀ ਸਮੁੱਚੀ ਜਾਣਕਾਰੀ ਕਹਾਣੀ ਵਿੱਚ ਪੇਸ਼ ਉਸਦੇ ਕਿੱਤੇ, ਨਸਲ ਬਾਹਰੀ ਦਿੱਖ ਆਦਿ ਤੋਂ ਮਿਲਦੀ ਹੈ। ਉਸ ਤੋਂ ਬਾਅਦ ਹੀ ਉਸ ਦੀ ਦੂਸਰੇ ਪਾਤਰਾਂ ਨਾਲ ਉਸ ਦੇ ਸੰਬੰਧਾਂ ਅਤੇ ਉਸ ਵਿੱਚ ਪਰਿਵਰਤਨ ਦੀ ਸੰਭਾਵਨਾ ਦੇ ਪੱਖੋਂ ਉਸ ਦਾ ਚਰਿੱਤਰ ਉਘੜਦਾ ਹੈ। ਕਈ ਵਾਰ ਕਹਾਣੀਕਾਰ ਆਪਣੀ ਰਚਨਾ ਦ੍ਰਿਸ਼ਟੀ ਅਨੁਸਾਰ ਕੁਝ ਮਨ-ਇੱਛਤ ਧਾਰਨਾਵਾਂ ਨੂੰ ਪਾਤਰ ਦੇ ਵਿਅਕਤਿੱਤਵ ਦਾ ਸਹਿਜ-ਅੰਗ ਬਣਾ ਦਿੰਦਾ ਹੈ। ਇਸ ਤਰ੍ਹਾਂ ਪਾਤਰ ਲੇਖਕ ਦੀ ਮਨਸ਼ਾ ਅਨੁਸਾਰ ਅਤੇ ਆਪਣੇ ਵਿਅਕਤਿਤਵ ਅਨੁਸਾਰ ਦੋਹਰਾ ਕਾਰਜ ਕਰਦੇ ਹਨ। ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਪਾਤਰ ਜ਼ਿਆਦਾ ਖਾਨਦਾਨੀ ਸੰਬੰਧਾਂ ਵਿੱਚ ਨਹੀਂ ਪੈਂਦੇ, ਉਹ ਉਨ੍ਹਾਂ ਸੰਬੰਧੀ ਬੇਲੋੜਾ ਵਿਸਥਾਰ ਦੇਣ ਤੋਂ ਵੀ ਪਰਹੇਜ਼ ਕਰਦਾ ਹੈ। ਪ੍ਰਤੀਕ ਬਿੰਬ ਤੇ ਚਿੰਨ ਸੁਝਾਊ ਰੂਪ ਵਿੱਚ ਪਾਤਰਾਂ ਦੇ ਕਿਰਦਾਰ ਵਿੱਚ ਸਘਨਤਾ ਅਤੇ ਜਟਿਲਤਾ ਲਿਆਉਂਦੇ ਹਨ। ਰਵੀ ਦੀ ਕੋਈ ਕਹਾਣੀ ਨਾਟਕੀ ਰੂਪ ਵਿੱਚ ਆਪਣੇ ਸਿਖਰ ਨੂੰ ਪਹੁੰਚਦੀ ਹੈ ਅਤੇ ਕੋਈ ਕੇਵਲ ਇੱਕ ਵਾਰਤਾਲਾਪ ਜਾਂ ਹੈਰਾਨੀ ਦੇ ਤੱਤ ਰਾਹੀਂ।

'ਮਾਨਸਕ ਹਾਣ ਦਾ ਸਾਥ' ਕਹਾਣੀ ਨੂੰ ਇਸ ਪੱਖੋਂ ਦੇਖਿਆ ਜਾ ਸਕਦਾ ਹੈ ਜਿਸ ਵਿੱਚ ਦੋ ਪਾਤਰ ਹਨ ਜੋ ਕਿ ਮਾਨਸਕ ਤੌਰ ਤੇ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇਸ ਕਹਾਣੀ ਵਿੱਚ ਇਨ੍ਹਾਂ ਦੋਹਾਂ ਪਾਤਰਾਂ ਦੀ ਵਾਰਤਾਲਾਪ ਲਗਾਤਾਰ ਚੱਲਦੀ ਰਹਿੰਦੀ ਹੈ :

"ਮੈਂ ਜੈਕੀ ਬੋਲ ਰਹੀ ਹਾਂ।"

"ਕਿੱਥੋਂ?"

"ਅਮਰੀਕਾ ਤੋਂ।"

"ਏਥੇ ਕਦੋਂ ਆਉਣਾ ਹੈ?"

"ਝਲਿਆ ਮੈਂ ਏਥੋਂ ਗਈ ਹੀ ਕਦੋਂ ਸਾਂ?[44]

ਰਵਿੰਦਰ ਰਵੀ ਨੇ ਪਾਤਰ ਉਸਾਰੀ ਦੇ ਹੋਰ ਕਈ ਢੰਗ/ਤਰੀਕੇ ਵੀ ਵਰਤੇ ਹਨ, ਜਿਵੇਂ ਸਵੈਬਚਨੀ, ਮਨੋਬਚਨੀ ਵਰਗੀਆਂ ਮਨੋਵਿਗਿਆਨਕ ਜੁਗਤਾਂ ਦੀ ਵਰਤੋਂ ਉਸ ਦੀਆਂ ਕਹਾਣੀਆਂ ਵਿੱਚ ਆਮ ਹੀ ਦੇਖੀ ਜਾ ਸਕਦੀ ਹੈ। ਮਿਸਾਲ ਵਜੋਂ :

> "ਇਹ ਕੌਣ ਸੀ ਜੋ ਅਨ੍ਹੇਰਾ ਪਿਆ ਉਸਦੇ ਅੰਦਰ ਜਾ ਵੜਦਾ ਸੀ ਤੇ ਸਵੇਰੇ ਲੋਅ ਹੋਣ ਤੋਂ ਪਹਿਲਾਂ ਹੀ ਸਭ ਨੂੰ ਚੋਰ-ਭੁਲਾਈ ਦੇ ਕੇ ਛਲਾਵੇ ਵਾਂਗ ਤੁਰ ਜਾਂਦਾ ਸੀ।"[45]

ਰਵਿੰਦਰ ਰਵੀ ਦੀਆਂ ਕਹਾਣੀਆਂ ਬਾਰੇ ਸਤਿੰਦਰ ਸਿੰਘ ਨੂਰ ਕਹਿੰਦਾ ਹੈ ਕਿ :

> "ਰਵੀ ਨੇ ਆਪਣੀਆਂ ਕਹਾਣੀਆਂ ਵਿੱਚ ਵੱਖ-ਵੱਖ ਦੇਸ਼ਾਂ ਦੇ ਪਾਤਰ ਤੇ ਉਨ੍ਹਾਂ ਦੀਆਂ ਸਥਿਤੀਆਂ ਨੂੰ ਲੈ ਕੇ ਉਨ੍ਹਾਂ ਦੀਆਂ ਮਨੋਵਿਗਿਆਨਕ ਤੇ ਯਥਾਰਥਕ ਡੂੰਘਾਈਆਂ ਨੂੰ ਫਰੋਲਿਆ ਹੈ।"[46]

ਉਹ ਆਪਣੀਆਂ ਕਹਾਣੀਆਂ ਵਿੱਚ ਵੱਖ-ਵੱਖ ਨਸਲਾਂ, ਧਰਮਾਂ, ਦੇਸ਼ਾਂ ਦੇ ਪਾਤਰਾਂ ਦੀਆਂ ਸਥਿਤੀਆਂ ਤੇ ਸਮੱਸਿਆਵਾਂ ਨੂੰ ਲੈ ਕੇ ਉਨ੍ਹਾਂ ਨੂੰ ਮਨੋਵਿਗਿਆਨਕ ਪੱਧਰ ਤੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਪਾਤਰਾਂ ਦੀ ਮਾਨਸਿਕਤਾ ਨੂੰ ਫੜ ਕੇ ਉਸਨੂੰ ਕਹਾਣੀ ਰੂਪ ਦੇ ਦਿੰਦਾ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਪਾਤਰ ਚਾਹੇ ਉਹ ਮਰਦ ਹਨ ਅਤੇ ਚਾਹੇ ਇਸਤਰੀ ਉਹਨਾਂ ਵਿੱਚ ਅਪ੍ਰਾਪਤੀ, ਭਟਕਣਾ, ਅਸੰਤੁਸ਼ਟਤਾ ਹੈ। ਉਸਦਾ ਪਾਤਰ ਅਧੂਰਾ, ਅਪੂਰਨ ਅਤੇ ਖੰਡਿਤ ਹੈ। ਰਵੀ ਕਹਾਣੀ ਦੇ ਪਾਤਰ ਦੀਆਂ ਛੋਟੀਆਂ-ਛੋਟੀਆਂ ਸਥਿਤੀਆਂ, ਨਿੱਕੇ-ਨਿੱਕੇ ਸੰਕਟਾਂ ਅਤੇ ਤਣਾਵਾਂ ਆਦਿ ਸਭ ਨੂੰ ਬਿਆਨ ਕਰਦਾ ਹੈ। ਉਸ ਨੇ ਆਪਣੀਆਂ ਕਹਾਣੀਆਂ ਦੇ ਪਾਤਰ ਹਰ ਜਗ੍ਹਾਂ, ਦੇਸ਼, ਕੌਮ, ਧਰਮ ਤੋਂ ਚੁੱਕੇ ਹਨ।

ਰਵਿੰਦਰ ਰਵੀ ਦੀਆਂ ਕਹਾਣੀਆਂ ਵਿੱਚ ਪਾਤਰ ਘਰ, ਸਮਾਜ ਅਤੇ ਸੰਸਾਰ ਦੀਆਂ ਬੰਦਸ਼ਾਂ ਵਿੱਚ ਬੰਨੇ ਨਜ਼ਰ ਆਉਂਦੇ ਹਨ ਪਰ ਉਹ ਆਪਣੇ ਅੰਦਰੋਂ ਦਿਨ ਰਾਤ ਉੱਡਦੇ ਹਨ। ਚਾਹੇ ਉਹ ਤ੍ਰਾਸਦੀ ਭੋਗਦੇ ਹਨ ਪਰ ਫਿਰ ਵੀ ਚੰਗੇ ਜੀਵਨ ਦੀ ਆਸ ਉਨ੍ਹਾਂ ਦੇ ਮਨੋਂ ਖ਼ਤਮ ਨਹੀਂ ਹੁੰਦੀ। ਉਨ੍ਹਾਂ ਦੀ ਬੇਬਸੀ ਵਿੱਚੋਂ ਹੀ ਆਜ਼ਾਦੀ ਦੇ

ਭਰਪੂਰ ਮਕਸਦ ਨਜ਼ਰ ਆਉਂਦੇ ਹਨ। ਇਹ ਪਾਤਰ ਬੋਸੀਦਾ ਸਮਾਜਕ ਰਸਮਾਂ, ਕਠੋਰ ਸਿਆਸੀ ਪ੍ਰਬੰਧਾਂ ਸੌੜੀਆਂ ਨੈਤਿਕ ਕੀਮਤਾਂ ਅਤੇ ਹੰਢੀਆਂ ਹਾਰੀਆਂ ਰਵਾਇਤਾਂ ਲਈ ਹੀ ਨਹੀਂ ਸਗੋਂ ਆਪਣੇ ਆਪ ਲਈ ਵੀ ਇੱਕ ਚੁਣੌਤੀ ਹਨ। ਰਵੀ ਦੇ ਪਾਤਰ ਆਪਣੇ ਆਪ ਨੂੰ ਤਬਾਹ ਤਾਂ ਕਰ ਸਕਦੇ ਹਨ ਪਰ ਹਾਰ ਨਹੀਂ ਸਕਦੇ।

ਰਵੀ ਦੇ ਪਾਤਰ ਚਾਹੇ ਵੱਖ-ਵੱਖ ਧਰਮ, ਨਸਲ, ਦੇਸ਼ ਨਾਲ ਸੰਬੰਧਤ ਹਨ ਪਰ ਫਿਰ ਵੀ ਉਹ ਸਾਂਝੀਵਾਲਤਾ ਦੇ ਧਾਰਨੀ ਹਨ। ਉਸ ਦੇ ਪਾਤਰ ਵਿਸ਼ਵੀ ਚੇਤਨਾ ਦਾ ਪੱਲਾ ਨਹੀਂ ਛੱਡਦੇ। ਵੱਖ-ਵੱਖ ਰੰਗ, ਧਰਮ, ਅਮੀਰੀ ਤੇ ਗਰੀਬੀ ਦੇ ਬਾਵਜੂਦ ਵੀ ਇਨ੍ਹਾਂ ਤੋਂ ਮੁਕਤ ਹਨ ਅਤੇ ਇੱਕ ਸਾਂਝ ਵਿੱਚ ਯਕੀਨ ਰੱਖਦੇ ਹਨ। ਡਾ. ਬਲਦੇਵ ਸਿੰਘ ਧਾਲੀਵਾਲ ਰਵਿੰਦਰ ਰਵੀ ਬਾਰੇ ਕਹਿੰਦਾ ਹੈ :

> "ਰਵਿੰਦਰ ਰਵੀ ਕੀਨੀਆ ਤੋਂ ਪਿੱਛੋਂ ਕੈਨੇਡਾ ਆ ਵਸਿਆ। ਰਵਿੰਦਰ ਰਵੀ ਆਪਣੇ ਬ੍ਰਹਿਮੰਡਕ ਚੇਤਨਾ ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਇੱਕ ਅਜਿਹੇ ਆਦਰਸ਼ਕ ਮਨੁੱਖ ਦੀ ਪਰਿਕਲਪਨਾ ਕਰਦਾ ਹੈ ਜਿਹੜਾ ਰੰਗਾਂ, ਧਰਮਾਂ, ਨਸਲਾਂ ਤੇ ਭਾਸ਼ਾਵਾਂ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਜੀਊਣ ਦੀ ਚੇਸ਼ਟਾ ਕਰਦਾ ਹੈ। ਇਸ ਤਰ੍ਹਾਂ ਉਹ ਇੱਕ ਔਸਤਨ ਵਿਸ਼ਵ ਮਨੁੱਖ ਦੀ ਸਿਰਜਣਾ ਕਰਨੀ ਚਾਹੁੰਦਾ ਹੈ।"[47]

ਰਵਿੰਦਰ ਰਵੀ ਅਧਿਆਪਕੀ ਕਿੱਤੇ ਨਾਲ ਸੰਬੰਧਤ ਸੀ ਅਤੇ ਥਾਂ-ਥਾਂ ਤੇ ਘੁੰਮਿਆ ਫਿਰਿਆ ਸੀ। ਇਸ ਕਰਕੇ ਉਹ ਕਿਸੇ ਇੱਕ ਦੇਸ਼, ਕੌਮ ਜਾਂ ਨਸਲ ਨਾਲ ਆਪਣੇ ਆਪ ਨੂੰ ਜੁੜਿਆ ਨਹੀਂ ਵੇਖਦਾ। ਉਹ ਸਮੁੱਚੀ ਮਨੁੱਖਤਾ ਦੇ ਹਿਤ ਦੀ ਗੱਲ ਕਰਦਾ ਹੈ।

ਉਸਨੇ ਜ਼ਿਆਦਾਤਰ ਕਹਾਣੀਆਂ ਵਿੱਚ ਉਹ ਹੀ ਬਿਆਨਿਆ ਹੈ ਜੋ ਉਸਨੇ ਅਸਲ ਜੀਵਨ ਵਿੱਚ ਵਾਪਰਦਾ ਵੇਖਿਆ ਹੈ। ਆਪਣੀਆਂ ਬਹੁਤ ਸਾਰੀਆਂ ਗੱਲਾਂ ਉਹ ਕਹਾਣੀਆਂ ਵਿੱਚ ਕਹਿ ਜਾਂਦਾ ਹੈ। ਇਸ ਕਰਕੇ ਸਵੈਜੀਵਨੀ ਦਾ ਅੰਸ਼ ਉਸ ਦੀਆਂ ਕਹਾਣੀਆਂ ਵਿੱਚ ਆ ਜਾਂਦਾ ਹੈ। ਰਵਿੰਦਰ ਰਵੀ ਦੀ ਕਹਾਣੀ 'ਘਟਦੇ ਵਧਦੇ ਫਾਸਲੇ' ਸਵੈਜੀਵਨੀਪਰਕ ਸ਼ੈਲੀ ਵਿੱਚ ਹੀ ਲਿਖੀ ਮਿਲਦੀ ਹੈ। ਆਪਣੇ ਕਥਾ-ਸ਼ਾਸਤਰ ਬਾਰੇ ਰਵਿੰਦਰ ਰਵੀ ਕਹਿੰਦਾ ਹੈ ਕਿ :

> "ਮੈਂ ਨਿੱਕੀ ਕਹਾਣੀ ਰੂਪ-ਵਿਧਾ, ਤਕਨੀਕ ਤੇ ਸ਼ੈਲੀ ਵਿੱਚ ਅਨੇਕਾਂ ਪ੍ਰਯੋਗ ਕੀਤੇ ਹਨ ........ ਇਸ ਦੀ ਪ੍ਰਕ੍ਰਿਤੀ ਜਟਿਲ ਹੈ ......... ਇਸ ਵਿੱਚ ਨਾਟਕੀਅਤਾ, ਕਾਵਿਕਤਾ, ਦਰਸ਼ਨ, ਮਨੋਵਿਗਿਆਨ, ਮਨੋ-ਵਿਸ਼ਲੇਸ਼ਣ ਅਤੇ ਗਲਪ ਤੇ ਸਵੈਜੀਵਨੀ ਆਤਮਕ ਤੱਤ ਸਹਿਜ ਵਿਚਰਦੇ ਹਨ।"[48]

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਇੱਕ ਰਚਨਾਕਾਰ ਆਪਣੀ ਰਚਨਾਂ ਰੱਚਣ ਤੋਂ ਪਹਿਲਾਂ ਹੀ ਉਸਨੂੰ ਜ਼ਿਹਨ ਵਿੱਚ ਅਕਾਰ ਦੇ ਰਿਹਾ ਹੁੰਦਾ ਹੈ। ਰਚਨਾ ਪ੍ਰਕ੍ਰਿਆ ਦੌਰਾਨ ਉਹ ਵਿਸ਼ੇ ਵਸਤੂ ਨੂੰ ਵਿਧਾ ਦੇਣ ਲਈ ਉਸੇ ਨੂੰ ਆਪਣੇ ਸ਼ਬਦਾਂ ਨਾਲ ਘੜ ਰਿਹਾ ਹੁੰਦਾ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਦੀ ਭਾਸ਼ਾ ਸਰਲ, ਸੌਖੀ ਅਤੇ ਸਾਦੀ ਹੈ। ਉਸਦੀਆਂ ਕਹਾਣੀਆਂ ਵਿੱਚ ਗੋਰੇ ਪਾਤਰ ਵੀ ਪੰਜਾਬੀ ਵਿੱਚ ਹੀ ਗੱਲ ਕਰਦੇ ਹਨ ਜੋ ਕਿ ਅਣਯਥਾਰਥਕ ਜਿਹੀ ਗੱਲ ਲਗਦੀ ਹੈ। ਇਹ ਸ਼ਾਇਦ ਇਸ ਕਰਕੇ ਹੈ ਕਿ ਰਵਿੰਦਰ ਰਵੀ ਨੂੰ ਅਹਿਸਾਸ ਹੈ ਕਿ ਉਹ ਪੰਜਾਬੀ ਪਾਠਕਾਂ ਲਈ ਲਿਖ ਰਿਹਾ ਹੈ। ਅਜਿਹਾ ਕਰਦਿਆਂ ਉਹ ਬਦੇਸ਼ੀ ਪਾਤਰਾਂ ਦੇ ਮਨੋਭਾਵਾਂ ਦਾ ਤਰਜਮਾ ਪੰਜਾਬੀ ਵਿੱਚ ਕਰ ਰਿਹਾ ਹੁੰਦਾ ਹੈ।

ਆਧੁਨਿਕ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਰਵਿੰਦਰ ਰਵੀ ਨੇ ਇੱਕ ਨਵਾਂ ਪ੍ਰਯੋਗ ਵੀ ਕੀਤਾ ਅਤੇ ਇਹ ਨਵਾਂ ਪ੍ਰਯੋਗ ਕਾਵਿ-ਕਥਾਵਾਂ ਅਤੇ ਗਦ-ਕਾਵਿ ਕਥਾਵਾਂ ਦਾ ਹੈ। ਇਹ ਸ਼ਾਇਦ ਇਸ ਕਰਕੇ ਹੈ ਕਿ ਰਵੀ ਇੱਕ ਕਹਾਣੀਕਾਰ ਹੋਣ ਤੋਂ ਪਹਿਲਾਂ ਇੱਕ ਕਵੀ ਹੈ। ਇਸ ਪ੍ਰਯੋਗ ਵਿੱਚ ਕਾਵਿ, ਕਾਵਿ ਨਹੀਂ ਰਹਿੰਦਾ ਅਤੇ ਕਥਾ, ਕਥਾ ਨਹੀਂ ਰਹਿੰਦੀ ਸਗੋਂ ਦੋਨੋਂ ਇੱਕ ਦੂਜੇ ਵਿੱਚ ਪੂਰੀ ਤਰ੍ਹਾਂ ਸਮਾ ਜਾਂਦੇ ਹਨ। ਕਿਤੇ ਇਹ ਕਾਵਿ ਕਥਾ ਜਾਂ ਗਦ ਕਾਵਿ ਕਥਾ ਕਿਸੇ ਪਾਤਰ ਅੰਸ਼ ਉੱਤੇ ਕੇਂਦਰਤ ਹੈ ਅਤੇ ਕਿਤੇ ਉਸ ਦੁਆਲੇ ਫੈਲੇ ਵਾਰਤਾਲਾਪ ਅਤੇ ਘਟਨਾਕ੍ਰਮ ਉੱਤੇ।

ਪੁਸ਼ਵਿੰਦਰ ਕੌਰ ਰਵੀ ਦੀ ਕਾਵਿ ਕਥਾ ਅਤੇ ਗੱਦ ਕਥਾ ਬਾਰੇ ਕਹਿੰਦੀ ਹੈ ਕਿ :

> "ਰਵਿੰਦਰ ਰਵੀ ਦੁਆਰਾ ਸਿਰਜਿਤ ਕਾਵਿ - ਕਥਾਵਾਂ ਅਤੇ ਗੱਦ ਕਥਾਵਾਂ ਵੀ ਨਵਾਂ ਤਜਰਬਾ ਹਨ ਜੋ ਕਿ ਪਾਤਰਾਂ, ਘਟਨਾਵਾਂ ਆਦਿ ਦੀਆਂ ਬਹੁ ਮੁਖੀ ਪਰਤਾਂ ਦੀ ਪੇਸ਼ਕਾਰੀ ਲਈ ਸੂਤਰਧਾਰ ਹਨ।"[49]

ਡਾ. ਸੁਤਿੰਦਰ ਸਿੰਘ ਨੂਰ ਰਵਿੰਦਰ ਰਵੀ ਦੇ ਨਵੇਂ ਅਤੇ ਵੱਖਰੇ ਪ੍ਰਯੋਗ ਬਾਰੇ ਗੱਲ ਕਰਦਾ ਕਹਿੰਦਾ ਹੈ ਕਿ :

> "ਲੇਖਕ ਕਾਵਿ-ਅੰਸ਼ਾਂ, ਗੱਦ ਤੇ ਕਥਾ-ਸਥਿਤੀਆਂ ਨੂੰ ਰਲਾ ਕੇ ਇੱਕ ਨਵਾਂ ਰੂਪਾਕਾਰ ਬਣਾਉਣ ਦਾ ਯਤਨ ਕਰਦਾ ਹੈ। ਇਸ ਰੂਪਾਕਾਰ ਵਿੱਚ ਇੱਕ ਪਾਸੇ ਪਾਤਰ ਤੇ ਦੂਜੇ ਪਾਸੇ ਪਾਤਰ ਦੀ ਸਥਿਤੀ 'ਚੋਂ ਲੇਖਕ ਤੇ ਪੈਂਦੇ ਪ੍ਰਭਾਵ 'ਚੋਂ (ਦੋ ਵਿਅਕਤੀਤਵਾਂ ਦੇ ਸੰਗ੍ਰਹਿ 'ਚੋਂ) ਇੱਕ ਵੱਖਰੀ ਸ਼ੈਲੀ ਦੀ ਸਿਰਜਣਾ ਹੁੰਦੀ ਹੈ।"[50]

ਰਵਿੰਦਰ ਰਵੀ ਦੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਇੱਕ ਦੂਜੇ ਦੀਆਂ ਪੂਰਕ ਰਹੀਆਂ ਹਨ। ਇਸਦੀ ਕਵਿਤਾ, ਨਾਟਕ, ਕਹਾਣੀ ਸਦਾ ਹੀ ਇੱਕ ਦੂਜੇ ਦੇ ਪ੍ਰੇਰਨਾ ਸਰੋਤ ਰਹੇ। ਬਿੰਦੂ (1965) ਕਾਵਿ ਸੰਗ੍ਰਹਿ ਵਿੱਚੋਂ ਸੰਕਲਤ ਕਵਿਤਾ 'ਤਸਵੀਰਾਂ' ਨੇ ਰਵੀ ਨੂੰ 'ਜੁਰਮ ਦੇ ਪਾਤਰ' ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਸ਼ੀਸ਼ੇ ਵਾਲੀ ਚਿੜੀ' ਲਿਖਣ ਦੀ ਪ੍ਰੇਰਣਾ ਦਿੱਤੀ। ਰਵਿੰਦਰ ਰਵੀ ਜਦੋਂ ਅਮਰੀਕਾ ਤੋਂ ਜਾਂਦਿਆ ਇੰਗਲੈਂਡ ਹਫਤਾ ਕੁ ਰੁਕਿਆ ਤਾਂ ਉੱਥੇ ਉਸਨੇ ਵੇਖਿਆ ਕਿ ਕਿਵੇਂ ਬਾਹਰਲੇ ਦੇਸ਼ਾਂ ਤੋਂ ਆ ਕੇ ਵਸੇ ਇੰਗਲੈਂਡ ਦੇ ਲੋਕਾਂ ਵਿੱਚ ਇੱਥੋਂ ਦੀ ਨਸਲੀ ਵਿਤਕਰੇ ਦੀ ਨੀਤੀ ਅਧੀਨ ਆਪਣੇ ਅਵਾਸੀ ਅਤੇ ਜੜਹੀਨ ਹੋਣ ਦੀ ਭਾਵਨਾ ਪ੍ਰਬਲ ਸੀ। ਇਸੇ ਅਨੁਭਵ ਦੇ ਅਧੀਨ ਰਵਿੰਦਰ ਰਵੀ ਨੇ ਇੱਕ ਕਵਿਤਾ 'ਸੂਰਜ ਠੰਡਾ ਹੋਣ 'ਚ ਬੜੀ ਦੇਰ ਅਜੇ ਬਾਕੀ ਹੈ' ਲਿਖੀ। ਇਸ ਤੋਂ ਬਾਅਦ ਰਵੀ ਨੇ ਦੇਖਿਆ ਕਿ ਏਥੋਂ ਦੇ ਬੁੱਧੀਜੀਵੀ ਤੇ ਸਾਹਿਤਕਾਰ ਉਨ੍ਹਾਂ ਦਿਨਾਂ ਵਿੱਚ ਬੰਗਲਾ ਦੇਸ਼ ਦੀਆਂ ਘਟਨਾਵਾਂ ਤੇ ਨਕਸਲਬਾੜੀ ਲਹਿਰ ਦੇ ਪ੍ਰਸੰਗ ਵਿੱਚ ਬੜੀਆਂ ਇਨਕਲਾਬੀ ਗੱਲਾਂ ਕਰ ਰਹੇ ਸਨ। ਪਰ ਰਵੀ ਅਨੁਸਾਰ ਇਹ ਸਭ ਸ਼ੁਗਲ ਅਤੇ ਫੈਸ਼ਨ ਵਜੋਂ ਹੋ ਰਿਹਾ ਸੀ। ਇਸ ਸਭ ਕੁਝ ਦੇ ਅਨੁਭਵ ਤੋਂ ਰਵੀ ਨੇ ਇੱਕ ਕਵਿਤਾ 'ਇੱਕ ਨਿਪੁੰਸਕ ਲੇਖਕ ਦਾ ਆਤਮ ਕਥਨ' ਲਿਖੀ। ਇਹ ਦੋਵੇਂ ਕਵਿਤਾਵਾਂ 1972 ਵਿੱਚ ਛਪੇ ਕਾਵਿ ਸੰਗ੍ਰਹਿ 'ਮੇਰੇ ਮੌਸਮ ਦੀ ਵਾਰੀ' ਵਿੱਚ ਸ਼ਾਮਲ ਹੋਈਆਂ। ਸਮਾਂ ਪਾ ਕੇ ਇਹ ਕਵਿਤਾਵਾਂ ਰਵੀ ਦੀ ਕਹਾਣੀ 'ਚੱਕਰਵਯੂਹ' ਦਾ ਪ੍ਰੇਰਨਾ ਸਰੋਤ ਬਣੀਆਂ।

'ਬੋਰਡਮ' ਵੀ ਇਸੇ ਪ੍ਰਸੰਗ ਵਿੱਚ ਆਉਂਦੀ ਹੈ। ਬੋਰਡਮ ਰਵੀ ਦੇ ਸਾਹਿਤ ਵਿੱਚ ਕਹਾਣੀ ਰੂਪ ਵੀ ਹੈ ਅਤੇ ਕਵਿਤਾ ਰੂਪ ਵੀ ਹੈ। 'ਪਸ਼ੂ ਹੋਣ ਤੱਕ' ਕਹਾਣੀ ਦਾ ਜਨਮ ਵੀ ਕਵਿਤਾ 'ਪੂਰਨ ਸੁਤੰਤਰਤਾ ਦੀ ਭਾਲ ਵਿੱਚ' ਕਵਿਤਾ ਤੋਂ ਹੋਇਆ ਹੈ। ਇੱਥੇ ਇਹ ਗੱਲ ਕਹਿਣੀ ਵੀ ਅਨੁਚਿਤ ਨਹੀਂ ਹੋਵੇਗੀ ਕਿ ਭਾਵੇਂ ਇਹ ਕਵਿਤਾਵਾਂ ਤੇ ਕਹਾਣੀਆਂ ਘੱਟ ਜਾਂ ਵੱਧ ਮਾਤਰਾ ਵਿੱਚ ਅੰਤਰ-ਸੰਬੰਧਤ ਹਨ ਪਰ ਫਿਰ ਵੀ ਇੱਕ ਵੱਖਰੇ ਸਾਹਿਤ ਰੂਪ ਦੇ ਤੌਰ ਤੇ ਇਹਨਾਂ ਦਾ ਆਪੋ ਆਪਣਾ ਮੌਲਿਕ ਤੇ ਸੁਤੰਤਰ ਅਸਤਿਤਵ ਹੈ। ਰਵਿੰਦਰ ਰਵੀ ਨੇ ਆਪਣੇ ਕਹਾਣੀ ਸੰਗ੍ਰਹਿਆਂ ਦੇ ਅੰਤ ਤੇ ਇਸ ਰੂਪਾਕਾਰ ਨੂੰ ਦਰਜ ਕੀਤਾ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਅੰਤ ਦੀ ਗੱਲ ਕਰੀਏ ਤਾਂ ਇਹ ਜ਼ਿਆਦਾਤਰ ਖੁੱਲੇ ਅੰਤ ਵਾਲੀਆਂ ਹਨ। ਜਿਵੇਂ 'ਅਨ੍ਹੇਰਾ ਯੂਕਲਿਪਟਸ ਤੇ ਅੱਗ', 'ਹਮਛਿਣ' ਵਰਗੀਆਂ ਬਹੁਤ ਸਾਰੀਆਂ ਕਹਾਣੀਆਂ ਇਸ ਪੱਖ ਤੋਂ ਵੇਖੀਆਂ ਜਾ ਸਕਦੀਆਂ ਹਨ। ਪਾਤਰਾਂ ਦੀ ਗੱਲਬਾਤ ਵਿੱਚ ਜ਼ਿੰਦਗੀ ਦਾ ਕਾਰਜ ਚਲਦਾ ਹੈ ਅਤੇ ਬਿਨਾਂ ਕੁਝ ਸੁਝਾਏ ਜਾਂ ਸੁਲਝਾਏ ਖਤਮ ਹੋ ਜਾਂਦਾ ਹੈ। ਕਹਾਣੀ ਕਿਸੇ ਅੰਤਿਮ ਸਿੱਟੇ ਤੇ ਨਹੀਂ ਪੁੱਜਦੀ ਅਤੇ ਪੰਨਿਆਂ ਤੇ ਕਹਾਣੀ ਖ਼ਤਮ ਹੋ ਕੇ ਵੀ ਖ਼ਤਮ ਨਹੀਂ ਹੁੰਦੀ।

ਉਪਰੋਕਤ ਵਿਸਲੇਸ਼ਣ ਉਪਰੰਤ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਹੋਰ ਰੂਪਾਂ ਵਾਂਗ ਕਹਾਣੀ ਵਿੱਚ ਵੀ ਰਵਿੰਦਰ ਰਵੀ ਨੇ ਕਈ ਨਵੇਂ ਪ੍ਰਯੋਗ ਕੀਤੇ ਹਨ। ਜੋ ਆਪਣੇ ਆਪ ਵਿੱਚ ਰਵਿੰਦਰ ਰਵੀ ਦੀ ਬਿਰਤਾਂਤ ਕਲਾ ਦੀ ਪਹਿਲ ਕਦਮੀ ਹੈ। ਉਸ ਦੀ ਕਥਾ ਸੰਵੇਦਨਾ ਵਿੱਚ ਮਨੁੱਖ ਦੀ ਪੀੜਾ ਜ਼ਿਹਨੀ ਅਤੇ ਜਿਨਸੀ ਪੱਧਰ ਉੱਤੇ ਬਿਰਤਾਂਤਕਾਰੀ ਦਾ ਸਰੋਤ ਬਣੀ ਹੈ। ਅੱਜ ਦੇ ਮਨੁੱਖ ਦੀ ਇਕੱਲਤਾ, ਨਿੱਜਤਾ ਅਤੇ ਅਲਗ-ਥਲਗ ਰਹਿ ਜਾਣ ਦੀ ਸੰਤਾਪੀ ਸਥਿਤੀ ਨੂੰ ਰਵੀ ਨੇ ਵੱਖ-ਵੱਖ ਪ੍ਰਸੰਗਾਂ, ਕੋਣਾਂ, ਪੱਧਰਾਂ, ਪਰਤਾਂ ਤੋਂ ਆਪਣੀਆਂ ਕਹਾਣੀਆਂ ਵਿੱਚ ਸਿਰਜਿਆ ਹੈ। ਉਸਨੇ ਆਪਣੀਆਂ ਕਹਾਣੀਆਂ ਵਿੱਚ ਜੋ ਵੀ ਪੇਸ਼ ਕਰਨਾ ਚਾਹਿਆ ਹੈ ਉਸ ਨੂੰ ਨਿਰਸੰਕੋਚ ਪੇਸ਼ ਕੀਤਾ ਹੈ। ਪਾਤਰਾਂ ਦੇ ਚਰਿੱਤਰਾਂ ਨੂੰ ਖੁੱਲ ਕੇ ਉਘਾੜਿਆ ਹੈ। ਉਸਦੇ ਪਾਤਰ ਜੀਉਂਦੇ ਜਾਗਦੇ ਅਤੇ ਪੱਛਮੀ ਸਮਾਜ ਵਿੱਚ ਵਿਚਰਦੇ ਦਿੱਖ ਜਾਂਦੇ ਹਨ। ਕਹਾਣੀ ਵਿੱਚ ਉਸਦੀ ਸੰਵੇਦਨਾ ਭਾਰਤੀ ਅਤੇ ਪੱਛਮੀ ਦੋਨ੍ਹਾਂ ਤਰ੍ਹਾਂ ਦੇ ਪਾਤਰਾਂ ਨਾਲ ਜੁੜੀ ਹੋਈ ਹੈ। ਰਵਿੰਦਰ ਰਵੀ ਦੀਆਂ ਕਹਾਣੀਆਂ ਨੂੰ ਗੰਭੀਰਤਾਪੂਰਵਕ ਪੜਿਆਂ ਸਾਨੂੰ ਉਸਦੀ ਸੂਖਮ ਸੰਵੇਦਨਸ਼ੀਲਤਾ ਦਾ ਅਹਿਸਾਸ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦੀ ਪੈਗ਼ਾਮ ਨੂੰ ਸਮਝਣ ਲਈ ਅਤਿਰਿਕਤ ਬੌਧਿਕ ਸਮਰੱਥਾ ਅਤੇ ਉੱਦਮ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ।

# ਹਵਾਲੇ ਅਤੇ ਪਦ-ਟਿੱਪਣੀਆਂ


1 ਮੈਕਸਿਮ ਗੋਰਕੀ, **ਜੀਵਨ ਤੇ ਸਾਹਿਤ**, ਮਾਸਕੋ, 1972, ਪੰਨਾ 336.

2 ਰਵਿੰਦਰ ਰਵੀ, **ਚਰਾਵੀ**, ਨਿਊ ਬੁੱਕ ਕੰਪਨੀ, ਜਲੰਧਰ, 1963, ਪੰਨਾ 28.

3 ਉਹੀ, **ਜੁਰਮ ਦੇ ਪਾਤਰ**, ਨਿਊ ਬੁੱਕ ਕੰਪਨੀ, ਜਲੰਧਰ, 1968, ਪੰਨਾ 37.

4 ਉਹੀ, ਪੰਨਾ 51.

5 ਉਹੀ, **ਕੋਨ ਪ੍ਰਤਿਕੋਨ**, ਲੋਕਗੀਤ ਪ੍ਰਕਾਸ਼ਨ, ਚੰਡੀਗੜ, 1971, ਪੰਨਾ 23.

6 ਉਹੀ, ਪੰਨਾ 22.

7 ਉਹੀ, **ਮੈਲੀ ਪੁਸਤਕ**, ਮੁਹਿੰਦਰਪਾਲ ਪਬਲਿਸ਼ਰਜ਼, ਜਲੰਧਰ, 1973, ਪੰਨਾ 51.

8 ਉਹੀ, **ਅਜੋਕੀ ਪੰਜਾਬੀ ਕਹਾਣੀ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 8.

9 ਉਹੀ, **ਸ਼ਹਿਰ ਵਿੱਚ ਜੰਗਲ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1969, ਪੰਨਾ 86.

10 ਉਹੀ, **ਮੈਲੀ ਪੁਸਤਕ**, ਮੁਹਿੰਦਰਪਾਲ ਪਬਲਿਸ਼ਰਜ਼, ਜਲੰਧਰ, 1973, ਪੰਨਾ 76.

11 ਉਹੀ, **ਸ਼ਹਿਰ ਵਿੱਚ ਜੰਗਲ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1969, ਪੰਨਾ 91.

12 ਜੁਗਿੰਦਰ ਸਿੰਘ ਨਹਿਰੂ (ਡਾ.), **ਕਨੇਡੀਅਨ ਪੰਜਾਬੀ ਸਾਹਿਤ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1998, ਪੰਨਾ 61.

13 ਰਵਿੰਦਰ ਰਵੀ, **ਸ਼ਹਿਰ ਵਿੱਚ ਜੰਗਲ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1969, ਪੰਨਾ 80.

14 ਉਹੀ, **ਕੰਪਿਊਟਰ ਕਲਚਰ**, ਨਵਯੁਗ ਪਬਲਿਸ਼ਰਜ਼, ਦਿੱਲੀ, 1985, ਪੰਨਾ 13.

15 ਉਹੀ, **ਆਪਣੇ ਆਪਣੇ ਟਾਪੂ**, ਨਿਊ ਬੁੱਕ ਕੰਪਨੀ, ਜਲੰਧਰ, 1992, ਪੰਨਾ 79.

16 ਉਹੀ, **ਕੰਪਿਊਟਰ ਕਲਚਰ**, ਨਵਯੁਗ ਪਬਲਿਸ਼ਰਜ਼, ਦਿੱਲੀ, 1985, ਪੰਨਾ 21.

17 ਉਹੀ, ਪੰਨਾ 45.

18 ਜੁਗਿੰਦਰ ਸਿੰਘ ਨਹਿਰੂ, **ਕਨੇਡੀਅਨ ਪੰਜਾਬੀ ਸਾਹਿਤ**, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1998, ਪੰਨਾ 58-59.

19 ਰਵਿੰਦਰ ਰਵੀ, **ਗੋਰੀਆਂ ਸ਼ਹੀਦੀਆਂ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 45.

20 ਉਹੀ, ਪੰਨਾ 66.

21 ਉਹੀ, ਪੰਨਾ 70.

22 ਉਹੀ, **ਗੋਰੀਆਂ ਸ਼ਹੀਦੀਆਂ**, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 37.

23 ਉਹੀ, ਪੰਨਾ 35.

24 ਉਹੀ, ਪੰਨਾ 61.

25 ਉਹੀ, **ਆਪਣੇ-ਆਪਣੇ ਟਾਪੂ**, ਨਿਊ ਬੁੱਕ ਕੰਪਨੀ, ਜਲੰਧਰ, 1992, ਪੰਨਾ 50.

26 ਉਹੀ, **ਕੰਪਿਊਟਰ ਕਲਚਰ,** ਨਵਯੁਗ ਪਬਲਿਸ਼ਰਜ਼, ਦਿੱਲੀ, 1985, ਪੰਨਾ 38.

27 ਉਹੀ, ਪੰਨਾ 62.

28 ਉਹੀ, **ਗੋਰੀਆਂ ਸ਼ਹੀਦੀਆਂ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 91.

29 ਹਰਚੰਦ ਸਿੰਘ ਬੇਦੀ (ਡਾ.), **ਪਾਠ ਤੇ ਪ੍ਰਸੰਗ - ਪਰਵਾਸੀ ਪੰਜਾਬੀ ਸਾਹਿਤ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ 35.

30 Roland Barthes, **Image Music**, Text Fontana/Collins, 1977, p. 79.

31 Gerald Prince, **Narratology : The Form and Functioning of Narrative,** Pub-Berlin : Multan; 1982, p. 4.

32 Jonathan Culler, **Structural Poetics**, Routledge and Kegan Paul, London, 1975, p. 203.

33 ਸੁਖਪਾਲ ਸਿੰਘ, "ਹੀਰ ਵਾਰਿਸ ਦਾ ਬਿਰਤਾਂਤ ਸ਼ਾਸਤਰੀ ਅਧਿਐਨ", ਖੋਜ ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨਾ 3.

34 ਧਨਵੰਤ ਕੌਰ (ਡਾ.), **ਆਧੁਨਿਕ ਪੰਜਾਬੀ ਕਹਾਣੀ ਬਿਰਤਾਂਤ ਸ਼ਾਸਤਰੀ ਅਧਿਐਨ**, ਆਰਸੀ ਪਬਲਿਸ਼ਰਜ਼, ਦਿੱਲੀ, 1994, ਪੰਨਾ 14.

35 ਅਮਰਜੀਤ ਕੌਰ, **ਪੰਜਾਬੀ ਨਿੱਕੀ ਕਹਾਣੀ, ਸਿਧਾਂਤ ਤੇ ਵਿਕਾਸ,** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1999, ਪੰਨਾ 31.

36 ਰਵਿੰਦਰ ਰਵੀ, **ਮੈਲੀ ਪੁਸਤਕ**, ਮੁਹਿੰਦਰਪਾਲ ਪਬਲਿਸ਼ਰਜ਼, ਜਲੰਧਰ, 1973, ਪੰਨਾ 19.

37 ਉਹੀ, **ਜੁਰਮ ਦੇ ਪਾਤਰ**, ਨਿਊ ਬੁੱਕ ਕੰਪਨੀ, ਜਲੰਧਰ, 1968, ਪੰਨਾ 24.

38 Roland Barthes, **Image Music Text**, Fontana/Collins, 1977, p. 276.

39 ਰਵਿੰਦਰ ਰਵੀ, **ਗੋਰੀਆਂ ਸ਼ਹੀਦੀਆਂ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 2010, ਪੰਨਾ 39.

40 ਰਵਿੰਦਰ ਰਵੀ, **ਮੇਰੀ ਸਾਹਿਤਕ ਸ੍ਵੈ-ਜੀਵਨੀ**, ਪੰਜਾਬੀ ਸਾਹਿਤ ਅਕਾਦਮੀ, ਕਲਾ ਭਵਨ, ਚੰਡੀਗੜ, 1994, ਪੰਨਾ 198.

41 ਉਹੀ, **ਆਪਣੇ ਆਪਣੇ ਟਾਪੂ**, ਨਿਊ ਬੁੱਕ ਕੰਪਨੀ, ਜਲੰਧਰ, 1992, ਪੰਨਾ 51.

42 ਉਹੀ, **ਮੇਰਾ ਜੀਵਨ ਮੇਰਾ ਸਾਹਿਤ ਸਾਹਿਤਕ ਸ੍ਵੈ-ਜੀਵਨੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010, ਪੰਨਾ 173.

43 ਉਹੀ, ਪੰਨਾ 191.

44 ਉਹੀ, **ਕੌਨ ਪ੍ਰਤਿਕੌਨ**, ਨਿਊ ਬੁੱਕ ਕੰਪਨੀ, ਜਲੰਧਰ, 1971, ਪੰਨਾ 20.

45 ਉਹੀ, **ਆਪਣੇ ਆਪਣੇ ਟਾਪੂ**, ਨਿਊ ਬੁੱਕ ਕੰਪਨੀ, ਜਲੰਧਰ, 1992, ਪੰਨਾ 51.

46 ਸੁਤਿੰਦਰ ਸਿੰਘ ਨੂਰ (ਡਾ.), ਪੰਜਾਬੀ ਟ੍ਰਿਬਿਊਨ, 29 ਸਤੰਬਰ, 1979.

47 ਬਲਦੇਵ ਸਿੰਘ ਧਾਲੀਵਾਲ (ਡਾ.), **ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀ ਮੂਲਕ ਪਰਿਪੇਖ**, ਚੇਤਨਾ ਪ੍ਰਕਾਸ਼ਨ, ਲੁਧਿਆਣਾ, 1999, ਪੰਨਾ 119.

48 ਰਵਿੰਦਰ ਰਵੀ, **ਐਟਸੈਟਰਾ-I,** (ਖੋਜ ਪੱਤਰ ਤੇ ਆਲੋਚਨਾ), ਰਘੁਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ 204-205.

49 ਉਹੀ, ਪੰਨਾ 207.

50 ਸੁਤਿੰਦਰ ਸਿੰਘ ਨੂਰ (ਡਾ.), **ਪੰਜਾਬੀ ਟ੍ਰਿਬਿਊਨ**, 29 ਸਤੰਬਰ 1979.